# ਸਮਤਾ

ਸਤੰਬਰ 1983 (ਅੰਕ 40)

ਸੰਪਾਦਕ: ਗੁਰਸ਼ਰਨ ਸਿੰਘ (1929-2011)

ਇਹ ਪੀ ਡੀ ਐਫ ਫਾਈਲ ਸੁਖਵੰਤ ਹੁੰਦਲ ਨੇ ਕੈਨੇਡਾ ਤੋਂ ਨਿਕਲਦੇ ਸਾਹਿਤਕ ਮੈਗਜ਼ੀਨ "ਵਤਨ" ਦੇ ਵੈੱਬਸਾਈਟ 'ਤੇ ਪਾਉਣ ਲਈ ਤਿਆਰ ਕੀਤੀ।

ਸ੍ਰੋਤ: ਸੁਖਵੰਤ ਹੁੰਦਲ ਅਤੇ ਸਾਧੂ ਬਿਨਿੰਗ ਦੀ ਨਿੱਜੀ ਲਾਇਬ੍ਰੇਰੀ ਵਿੱਚੋਂ।

ਸਤੰਬਰ 1983

ਮੁੱਲ—ਦੋ ਰੁਪਏ

40

## ਸੰਪਾਦਕੀ-ਨੋਟ :

ਇਹ ਨੋਟ ਅੱਜ 7 ਅਗਸਤ ਦੀ ਤਾਰੀਖ ਇੰਗਲੈਂਡ ਤੋਂ ਲਿਖਿਆ ਜਾ ਰਿਹਾ ਹੈ। ਪੰਜਾਬ 'ਤੋਂ ਆਖਰੀ ਖ਼ਬਰ ਜਿਹੜੀ ਇਥੋਂ ਦੇ ਪੰਜਾਬੀ ਅਖ਼ਬਾਰਾਂ ਵਾਲਿਆਂ ਨੇ ਟੈਲੀਫ਼ੂਨ ਰਾਹੀਂ ਮੰਗਵਾਈ ਹੈ; ਉਹਦੇ ਵਿਚ ਜ਼ਿਕਰ ਇਹੀ ਹੀ ਹੈ ਕਿ ਅੰਮ੍ਰਿਤਸਰ ਵਿਚ ਦੋ ਨਿਰੰਕਾਰੀਆਂ ਦਾ ਕਤਲ ਕੀਤਾ ਗਿਆ ਹੈ। ਅਤਿਵਾਦੀ ਇਕ ਦੀ ਧੌਣ ਵੱਢ ਕੇ ਲੈ ਗਏ ਹਨ। ਪੰਜਾਬ ਵਿਚ ਇਕ ਪੁਲੀਟਕਲ ਮੋਰਚਾ ਲਗਿਆ ਹੈ, ਸਮਝ ਆ ਸਕਦੀ ਹੈ। ਪੰਜਾਬ ਵੱਧ ਅਧਿਕਾਰਾਂ ਲਈ ਸੰਘਰਸ਼ ਕਰ ਰਿਹਾ ਹੈ, ਸਮਝ ਆ ਸਕਦੀ ਹੈ। ਪੰਜਾਬ ਚੰਡੀਗੜ੍ਹ ਮੰਗਦਾ ਹੈ, ਸਮਝ ਆ ਸਕਦੀ ਹੈ। ਪੰਜਾਬ ਦਰਿਆਵਾਂ 'ਚ ਪਾਣੀ ਦਾ ਹੋਰ ਹਿੱਸਾ ਮੰਗਦਾ ਹੈ, ਸਮਝ ਆ ਸਕਦੀ ਹੈ। ਇੰਦਰਾ ਗਾਂਧੀ ਮੋਰਚੇ ਦੀਆਂ ਮੰਗਾਂ ਨਾ ਮੰਨ ਕੇ ਅਕਾਲੀਆਂ ਨੂੰ ਥਕਾਉਣਾ ਚਾਹੁੰਦੀ ਹੈ ਇਹ ਵੀ ਸਮਝ ਆ ਸਕਦੀ ਹੈ। ਰਾਜੀਵ ਗਾਂਧੀ ਇਹ ਉਮੀਦ ਕਰ ਸਕਦਾ ਹੈ ਕਿ ਅਕਾਲੀਆਂ ਵਿਚ ਆਪਸੀ-ਫੁੱਟ ਪੈ ਜਾਏਗੀ। ਪਰ ਜੋ ਸਮਝ ਨਹੀਂ ਆਉਂਦੀ, ਉਹ ਇਹ ਹੈ ਕਿ ਗੁਰੂਆਂ ਦੀ ਇਸ ਧਰਤੀ ਤੇ ਜਿਥੇ ਬਾਬੇ ਨਾਨਕ ਨੇ ਹੱਕ ਦੀ ਆਵਾਜ਼ ਉਠਾਈ, ਗੁਰੂ ਅਰਜਨ ਅਤੇ ਗੁਰੂ ਤੇਗ ਬਹਾਦਰ ਨੇ ਸੱਚ ਦੀ ਖਾਤਰ ਸ਼ਹਾਦਤਾਂ ਪਾਈਆਂ, ਜਿੱਥੇ ਗੁਰੂ ਗੋਬਿੰਦ ਸਿੰਘ ਨੇ ਨਤਾਣਿਆਂ ਦੀ ਰੱਖਵਾਲੀ ਲਈ ਤਲਵਾਰ ਚੁੱਕੀ, ਉਸੇ ਧਰਤੀ ਤੇ ਕਿਸੇ ਗਰੀਬ ਬਰਫ ਵੇਚਣ ਵਾਲੇ ਦਾ ਸ਼ਰੇਆਮ ਕਤਲ ਹੋ ਜਾਏ ਅਤੇ ਗੁਰੂਆਂ ਦੇ ਪੈਰੋਕਾਰਾਂ ਵਲੋਂ 'ਆਹ' ਦੀ ਆਵਾਜ਼ ਨਾ ਉਠੇ। ਮਜ਼ਹਬੀ ਜਨੂੰਨ ਦੇ ਵਿਰੁੱਧ ਤਾਂ ਲੜਦੇ ਹੋਏ ਗੁਰੂ ਤੇਗ ਬਹਾਦਰ ਨੇ ਸ਼ਹਾਦਤ ਪਾਈ ਸੀ। ਨਿਰੰਕਾਰੀਆਂ ਨਾਲ ਝਗੜੇ ਵਿਚ ਕਿੰਨੇ ਹੀ ਕਤਲ ਹੋ ਚੁਕੇ ਹਨ। 1978 ਦੀ ਵਿਸਾਖੀ 'ਤੇ ਜੋ ਸਾਕਾ ਹੋਇਆ ਸੀ; ਬਾਬਾ ਗੁਰਬਚਨ ਸਿੰਘ ਅਤੇ ਲਾਲਾ ਜਗਤ ਨਰਾਇਣ ਦੇ ਕਤਲਾਂ ਨਾਲ ਬਦਲੇ ਦੀ ਅੱਗ ਠੰਡੀ ਹੋਣੀ ਚਾਹੀਦੀ ਸੀ। ਅਕਾਲ ਤਖਤ ਦੇ ਜਥੇਦਾਰ ਹੋਰਾਂ ਦੀ ਵਿਚੋਲਗੀ ਨਾਲ ਇਹ ਝਗੜਾ ਹੁਣ ਹਰ ਹਾਲਤ ਵਿਚ ਮੁੱਕਣਾ ਚਾਹੀਦਾ ਹੈ। ਖੁਭਵਾਨ ਹਲਕਿਆਂ ਵਿਚ ਜਿਥੇ ਵੀ ਹੁਣ ਇਸ ਝਗੜੇ ਦੀ ਗੱਲ ਹੁੰਦੀ ਹੈ, ਇਹਨਾਂ ਕਤਲਾਂ ਦੀ ਬੜੀ ਭਰਪੂਰ ਨਿਖੇਧੀ ਹੁੰਦੀ ਹੈ। ਸੰਤ ਲੌਂਗੋਵਾਲ ਹੋਰਾਂ ਦੀਆਂ ਮਾਨਵਵਾਦੀ ਕਦਰਾਂ ਕੀਮਤਾਂ ਉਤੇ ਸ਼ੱਕ ਕੀਤਾ ਜਾਂਦਾ ਹੈ ਕਿ ਉਹ ਇਹਨਾਂ ਕਤਲਾਂ ਬਾਰੇ ਚੁੱਪ ਕਿਉਂ ਰਹਿੰਦੇ ਹਨ? ਕੀ ਉਹ ਅਤਿਵਾਦੀਆਂ ਕੋਲੋਂ ਡਰਦੇ ਹਨ? ਕੀ ਸਾਡੇ ਗੁਰੂ ਸੱਚ ਬੋਲਣ ਤੋਂ ਕਦੇ ਡਰੇ ਸਨ? ਕੀ ਗੁਰੂ ਅਰਜਨ ਦੇਵ ਇਕ ਸੱਚ ਪਿਛੇ ਸ਼ਹਾਦਤ ਨਹੀਂ ਪਾ ਗਏ ਸਨ? ਪ੍ਰਦੇਸ ਬੈਠੇ ਖੱਬੀ ਧਿਰ ਦੇ ਲੋਕ ਇਹ ਫ਼ਿਕਰ ਦਸਦੇ ਹਨ ਕਿ ਪੰਜਾਬ ਵਿਚ ਜੇਕਰ

## ਇਸ ਅੰਕ ਵਿਚ :

ਸੰਪਾਦਕੀ ੦ ਸੰਪਾਦਕੀ ਟਿੱਪਣੀਆਂ

ਕਵਿਤਾਵਾਂ—ਸੂਰਜ/ਧਰਮਪਾਲ ਉਪਾਸ਼ਕ ੦ ਇੱਜ਼ਤ/ਦਰਸ਼ਨ ਬੁਲੰਦਵੀ ੦ ਸੁਣੋ ਹਵਾ ਕੀ ਕਹਿ ਰਹੀ ਹੈ/ਧਰਮ ਕੰਮੇਆਣਾ ੦ ਤਲਖ਼ ਮੌਸਮਾਂ ਦਾ ਹਿਸਾਬ/ਸੁਖਵਿੰਦਰ ਸਿੰਘ ਕੰਬੋਜ

ਹਿੰਦੀ ਕਹਾਣੀ—ਬੇਕਾਰ ਆਦਮੀ/ਡਾ. ਹਰੀ ਸ਼ਰਮਾ—ਅਨੁ: ਅਮਰਜੀਤ ਚਾਹਲ

ਪਾਠਕ ਲੇਖਕ ਫੋਰਮ—1. ਲੱਚਰ ਗੀਤਾਂ ਦਾ ਸਾਡੇ ਸਭਿਆਚਾਰ ਤੇ ਮਾਰੂ ਅਸਰ—ਇਕ ਵਿਸ਼ਲੇਸ਼ਨ/ਤਰਲੋਚਨ ਸਿੰਘ—ਪਰਮਜੀਤ ਸਿੰਘ 2. ਜਸਵੰਤ ਸਿੰਘ ਕੰਵਲ ਦੇ ਨਾਂ ਚਿੱਠੀ/ਹਰਿੰਦਰਖਾਲ— 3. ਇੰਗਲੈਂਡ ਦੀ ਅਖ਼ਬਾਰ 'ਲਲਕਾਰ' ਵਿਚੋਂ—ਖਾਲਿਸਤਾਨੀ ਜਨੂੰਨੀਆਂ ਤੇ ਉਹਨਾਂ ਦੇ ਮੌਕਾਪ੍ਰਸਤ ਹਮਾਇਤੀਆਂ ਦਾ ਡਟਵਾਂ ਵਿਰੋਧ ਕਰੋ ੦. ਇਕ ਚਿੱਠੀ/ਰਾਜਿੰਦਰ ਬਰਾੜ

ਫਿਰਕੂ ਝਗੜੇ ਤੇ ਫਸਾਦ ਸ਼ੁਰੂ ਹੋ ਜਾਣ, ਤਾਂ ਕੀ ਖੱਬੀ ਧਿਰ ਵਾਲੇ ਲੋਕ ਕਿਸੇ ਅਸਰਦਾਇਕ ਤਰੀਕੇ ਨਾਲ ਇਸ ਵਿਚ ਦਖਲ ਅੰਦਾਜ਼ੀ ਕਰ ਸਕਣਗੇ ? 1947 ਦੀਆਂ ਘਟਨਾਵਾਂ ਨੂੰ ਯਾਦ ਕੀਤਾ ਜਾਂਦਾ ਹੈ ਜਦੋਂ ਸਾਰੀ ਕਤਲੋਗਾਰਤ ਵਿਚ ਦੋਨੋਂ ਧਿਰਾਂ ਵਿਚੋਂ ਕਮਿਊਨਿਸਟਾਂ ਦਾ ਹੀ ਇਕ ਐਸਾ ਰੀਕਾਰਡ ਸੀ, ਜਿਸ ਉਤੇ ਧੱਬਾ ਨਹੀਂ ਸੀ। ਹੁਣ ਵੀ ਖੱਬੀ ਧਿਰ ਦੇ ਲੋਕਾਂ ਉਤੇ ਵਡੀ ਜ਼ਿਮੇਵਾਰੀ ਆਉਂਦੀ ਹੈ। ਇਥੋਂ ਦੀਆਂ ਅਖ਼ਬਾਰਾਂ ਵਿਚ ਇਹ ਖਬਰ ਪੜ੍ਹ ਕੇ ਖੁਸ਼ੀ ਹੋਈ ਹੈ ਕਿ ਅਮੋਲਕ ਸਿੰਘ ਤੇ ਹੋਰ ਸਾਥੀਆਂ ਦੀ ਅਗਵਾਈ ਵਿਚ ਮੰਡੀ ਅਹਿਮਦਗੜ੍ਹ ਇਲਾਕੇ ਦੇ ਵਿਚ ਫਿਰਕੂ ਸਦਭਾਵਨਾ ਲਈ ਫਲੈਗ ਮਾਰਚ ਕੀਤੇ ਗਏ। ਹੋਰਨਾਂ ਥਾਵਾਂ ਦੀਆਂ ਖਬਰਾਂ ਨਹੀਂ ਹਨ ਪਰ ਮੈਨੂੰ ਪਤਾ ਹੈ ਕਿ ਪੰਜਾਬ ਭਰ ਵਿਚ ਇਨਕਲਾਬੀ ਤਾਕਤਾਂ ਪੂਰਾ ਪ੍ਰੋਗਰਾਮ ਬਣਾ ਕੇ ਫਿਰਕੂ ਸਦਭਾਵਨਾ ਲਈ ਜਦੋ ਜਹਿਦ ਕਰ ਰਹੇ ਹੋਣਗੇ। ਬੀਬੀ ਅਮਰ ਕੌਰ ਅਤੇ ਭਗਤ ਸਿੰਘ ਬਿਲਗਾ ਵਰਗੇ ਬਜ਼ੁਰਗ ਦੇਸ਼ ਭਗਤ ਵੀ ਇਸ ਸੰਘਰਸ਼ ਵਿਚ ਚੁੱਪ ਨਹੀਂ ਹੋਣਗੇ। ਵਡੇ ਪੈਮਾਨੇ ਤੇ ਮੁਹਿਮ ਚਲਾਉਣ ਦੀ ਲੋੜ ਹੈ, ਸੀ. ਪੀ. ਆਈ ਦੀਆਂ ਅਖਬਾਰਾਂ ਵੀ ਪੜ੍ਹਣ ਦਾ ਮੌਕਾ ਮਿਲਿਆ ਹੈ। ਉਹ ਵੀ ਇਸ ਬਾਰੇ ਪੂਰੇ ਚੇਤੰਨ ਹਨ। ਸਾਥੀ ਸਤਪਾਲ ਡਾਂਗ ਅਤੇ ਵਿਮਲਾ ਡਾਂਗ ਹੋਰਾਂ ਦੀ ਅਗਵਾਈ ਵਿਚ ਵੀ ਫਿਰਕੂ ਸਦਭਾਵਨਾ ਲਈ ਜਲੂਸ ਨਿਕਲੇ ਹਨ। ਇਹ ਵੀ ਖਬਰ ਹੈ ਕਿ ਵਿਨੋਬਾ ਭਾਵੇ ਦੇ ਪੈਰੋਕਾਰ ਵੀ ਅੰਮ੍ਰਿਤਸਰ ਆਏ ਹਨ ਪਰ ਉਹਨਾਂ ਦਾ ਸੁਆਗਤ ਕਰਨ ਵਾਲਿਆਂ ਵਿਚ ਜੈਇੰਦਰ ਸਿੰਘ ਵਰਗਿਆਂ ਦਾ ਨਾਂਅ ਪੜ੍ਹਕੇ ਇਹ ਸ਼ਕ ਹੋਇਆ ਹੈ ਕਿ ਉਹ ਅਪਣੇ ਮਿਸ਼ਨ ਵਿਚ ਕੋਈ ਕਾਮਯਾਬੀ ਹਾਸਿਲ ਵੀ ਕਰ ਸਕਣਗੇ ਕਿ ਨਹੀਂ ? ਹੁਣ ਇਹ ਮੰਨੀ ਹੋਈ ਗੱਲ ਹੈ ਕਿ ਦੇਸ਼ ਵਿਚ ਫਿਰਕੂ ਸਦਭਾਵਨਾ ਨੂੰ ਵਿਗਾੜਣ ਵਾਸਤੇ ਕਾਂਗਰਸ ਪਾਰਟੀ ਤੇ ਖਾਸ ਕਰਕੇ ਇੰਦਰਾ ਗਾਂਧੀ ਦਾ ਸਭ ਤੋਂ ਵੱਡਾ ਹੱਥ ਹੈ।

o

—ਕਲ੍ਹ ਇਥੇ ਲੰਡਨ ਵਿਚ ਸਾਇੰਸ ਮਿਊਜ਼ਿਮ ਅਤੇ ਕੁਦਰਤੀ ਹਿਸਟਰੀ ਦਾ ਮਿਊਜ਼ਿਮ ਵੇਖਣ ਦਾ ਮੌਕਾ ਮਿਲਿਆ ਹੈ। ਦੁਨੀਆਂ ਤਰੱਕੀ ਕਰਕੇ ਕਿਥੇ ਦੀ ਕਿਥੇ ਪੁੱਜ ਗਈ ਹੈ, ਅਕਲ ਹੈਰਾਨ ਰਹਿ ਜਾਂਦੀ ਹੈ। ਕੁਦਰਤ ਦਾ ਕਿੰਨਾ ਹੀ ਭੇਦ ਮਨੁੱਖ ਨੇ ਪਾ ਲਿਆ ਹੈ, ਇਹ ਆਸ ਬਣਦੀ ਹੈ ਕਿ ਮਨੁੱਖ ਲਈ ਚੰਗਾ ਸਮਾਜ ਬਨਾਉਣ ਵਿਚ ਹੁਣ ਕੋਈ ਵੀ ਮੁਸ਼ਕਿਲ ਨਹੀਂ। ਇਹ ਠੀਕ ਹੈ ਕਿ ਕੁਝ ਮਨੁਖ ਦੋਖੀ ਲੋਕ ਦੁਨੀਆਂ ਦੀ ਤਬਾਹੀ ਵਲ ਵੀ ਸੋਚ ਰਹੇ ਹਨ ਪਰ ਅਮਰੀਕਾ ਅਤੇ ਯੋਰਪ ਦੀਆਂ ਅਖਬਾਰਾਂ ਵਿਚ ਲੋਕ ਚੇਤਨਾ ਏਨੀ ਜ਼ਰੂਰ ਜਾਗ ਗਈ ਹੈ ਕਿ ਉਹ ਇਹਨਾਂ ਮਨੁੱਖ ਦੋਖੀ ਤਾਕਤਾਂ ਦੀ ਚਾਲ ਨੂੰ ਅਸਫਲ ਕਰਨ ਵਿਚ ਕਾਮਯਾਬ ਹੋਵੇਗੀ। ਇਹ ਮਿਊਜ਼ਿਮ ਵੇਖ ਕੇ ਆਪਣੀ ਸਿਆਸਤ ਦੀ ਸੀਮਾਂ ਬਾਰੇ ਸੋਚ ਕੇ ਅਫਸੋਸ ਆਉਂਦਾ ਹੈ। ਬਿਲਕੁਲ ਨਿੱਕੀਆਂ ਨਿੱਕੀਆਂ ਗੱਲਾਂ ਨੇ ਸਾਡੀ ਸੋਚ ਨੂੰ ਮੱਲਿਆ ਹੋਇਆ ਹੈ। ਨਿਰੰਕਾਰੀਆਂ ਦਾ ਝਗੜਾ, ਪਾਣੀਆਂ ਦਾ ਝਗੜਾ, ਚੰਡੀਗੜ੍ਹ ਦਾ ਝਗੜਾ ਜਿਹੜਾ ਮੇਜ਼ ਤੇ ਬੈਠ ਕੇ ਇਕ ਅੱਧ ਘੰਟੇ ਵਿਚ ਨਬੇੜਿਆ ਜਾ ਸਕਦਾ ਹੈ, ਅਸੀਂ ਵਰ੍ਹਿਆਂ ਬੱਧੀ ਉਸ ਉਤੇ ਵਾਦ-ਵਿਵਾਦ ਕਰਕੇ ਇਕ ਦੂਜੇ ਦਾ ਸਿਰ ਪਾੜ ਰਹੇ ਹਾਂ। ਦੁਨੀਆਂ ਸਤਾਂ ਅਕਾਸ਼ਾਂ ਵਿਚ ਉਡ ਰਹੀ ਹੈ ਅਤੇ ਅਸੀਂ ਮੰਜੀਆਂ ਪੀੜੀਆਂ ਤੇ ਬੈਠੇ ਹੀ ਆਪਣੇ ਮਨ ਨੂੰ ਤਸੱਲੀਆਂ ਦੇ ਰਹੇ ਹਾਂ ਕਿ 'ਹਮ ਬਹੁਤ ਉੱਚੇ ਹਾਂ, ਹਮਾਰੀ ਮੁੱਠੀ ਵਿਚ ਦੁਨੀਆਂ ਦਾ ਸਭ ਤੋਂ ਵੱਡਾ ਸੱਚ ਹੈ'। ਭਾਵੇਂ ਸੱਚ ਇਹ ਹੈ ਕਿ ਸਾਡੀ ਮੁੱਠੀ ਵਿਚ ਸਵਾਹ ਤੋਂ ਸਿਵਾ ਹੋਰ ਕੁਝ ਨਹੀਂ ਭਾਵੇਂ ਉਹ ਸਿਰ ਤੇ ਪਾਈਏ ਤੇ ਭਾਵੇਂ ਪਿੰਡਿਆਂ ਤੇ ਮਲੀਏ ਕੋਈ ਫਰਕ ਨਹੀਂ ਪੈਂਦਾ।

—ਬੀ.ਬੀ.ਸੀ. ਤੋਂ ਖਬਰਾਂ ਆ ਰਹੀਆਂ ਹਨ। ਸ੍ਰੀ ਲੰਕਾ ਵਿਚ ਹੋਏ ਦੋ ਫਿਰਕਿਆਂ ਦੇ ਫਸਾਦਾਂ ਵਿਚ ਹੋਈ ਤਬਾਹੀ ਦੀਆਂ ਤਸਵੀਰਾਂ ਹਨ। ਬੇਘਰ ਹੋਏ ਰਿਫੂਜੀਆਂ ਦੇ ਕਾਫਲੇ ਤੇ ਕਾਫਲੇ ਚਲ ਰਹੇ ਹਨ, ਦੁਖੀ ਚਿਹਰਿਆਂ ਉਤੇ ਕੈਮਰਾ ਫੋਕਸ ਹੈ। ਇਹ ਸਭ ਕੁਝ ਵੇਖਕੇ ਆਪਣਾ 1947 ਯਾਦ ਆ ਗਿਆ ਹੈ। ਆਪਣੀਆਂ ਅੱਖਾਂ ਨਾਲ ਸਾਰੀ ਉਹ ਤਬਾਹੀ ਵੇਖੀ ਸੀ। ਨੰਗੀਆਂ ਔਰਤਾਂ ਦੇ ਜਲੂਸ ਵੇਖੇ ਸਨ। ਨੇਜ਼ਿਆਂ ਤੇ ਟੰਗੇ ਨਿੱਕੇ ਬੱਚਿਆਂ ਦੀਆਂ ਲੋਥਾਂ ਵੇਖੀਆਂ ਸਨ। ਸ੍ਰੀ ਲੰਕਾ ਵਿਚ ਵੀ ਇਹੋ ਜਿਹੀ ਹੀ ਤਬਾਹੀ ਹੋਈ ਹੈ। ਤਸਵੀਰਾਂ ਵਿਚ ਪਿੰਡਾਂ ਦੇ ਪਿੰਡਾਂ ਸੜੇ ਪਏ ਸਨ। ਡੰਗਰ ਮਰੇ ਪਏ ਸਨ। ਖਾਲਿਸਤਾਨ ਦੇ ਪ੍ਰਧਾਨ ਡਾਕਟਰ ਜਗਜੀਤ ਸਿੰਘ ਚੌਹਾਨ ਨੇ ਵੀ ਸ਼ਾਇਦ ਉਹ ਤਸਵੀਰਾਂ ਖਬਰਾਂ ਦੇ ਦਰਮਿਆਨ ਵੇਖੀਆਂ ਹੋਣ। ਉਹਨਾਂ ਅਗੇ ਮਨੁੱਖਤਾ ਦੇ ਨਾਂ ਉਤੇ ਹੀ ਇਹ ਅਪੀਲ ਹੈ ਕਿ ਪੰਜਾਬ ਤੋਂ ਬਾਹਰ ਵਸਦਿਆਂ ਸਿਖਾਂ ਅਤੇ ਪੰਜਾਬ ਵਿਚ ਵੱਸਦੇ ਹਿੰਦੂਆਂ ਉਤੇ ਤਰਸ ਕਰੋ। ਕਨੇਡਾ, ਅਮਰੀਕਾ, ਇੰਗਲੈਂਡ ਵਿਚ ਬੈਠੇ ਇਹ ਗੱਲਾਂ ਕਰਨੀਆਂ ਆਸਾਨ ਹਨ ਪਰ ਜਿਨ੍ਹਾਂ ਨੂੰ ਇਹ ਸਹਿਣਾ ਪੈਣਾ ਹੈ, ਉਹਨਾਂ ਲਈ ਮੁਸ਼ਕਲਾਂ ਨਾ ਪੈਦਾ ਕਰੋ। oo

**ਗੁਰਸ਼ਰਨ ਸਿੰਘ**

ਬਲਰਾਜ ਸਾਹਨੀ ਯਾਦਗਾਰ ਪ੍ਰਕਾਸ਼ਨ ਵਾਸਤੇ, ਕੈਲਾਸ਼ ਕੌਰ–ਗੁਰਸ਼ਰਨ ਸਿੰਘ ਨੇ, ਹਰਮੁੱਖ ਪ੍ਰਿੰਟਰਜ਼, 23-ਮਹਾਂ ਸਿੰਘ ਗੇਟ ਮਾਰਕੀਟ, ਅੰਮ੍ਰਿਤਸਰ ਤੋਂ ਛਪਵਾਇਆ ਅਤੇ ਗੁਰੂ ਖਾਲਸਾ ਨਿਵਾਸ, ਡਾਕਖਾਨਾ ਖਾਲਸਾ ਕਾਲਜ, ਅੰਮ੍ਰਿਤਸਰ-143002 ਤੋਂ ਪ੍ਰਕਾਸ਼ਤ ਕੀਤਾ। ਵਾਰਸ਼ਿਕ ਚੰਦਾ 15 ਰੁਪਏ, ਵਿਦੇਸ਼ ਹਵਾਈ ਡਾਕ ਰਾਹੀਂ 80 ਰੁਪਏ।

## ਸੰਪਾਦਕੀ ਟਿਪਣੀਆਂ

### 1. ਜਸਵੰਤ ਸਿੰਘ ਕੰਵਲ ਦੀ ਇੰਗਲੈਂਡ ਤੇ ਕੈਨੇਡਾ ਫੇਰੀ ਵੇਲੇ ਕੁਝ ਬਿਆਨ :

ਕੰਵਲ ਹੋਰਾਂ ਨੇ ਇੰਗਲੈਂਡ ਵਿਚ ਪੁੱਜ ਕੇ ਕੁਝ ਬਿਆਨ ਦਿਤੇ ਹਨ ਅਤੇ ਅਪਣੇ ਵਿਚਾਰ ਕੈਨੇਡਾ ਵਿਚ ਵੀ ਦੁਹਰਾਏ ਹਨ । ਉਥੋਂ ਦੇ ਲੋਕਾਂ ਵਿਚ ਇਹਦੇ ਬਾਰੇ ਤਿੱਖੇ ਪ੍ਰਤੀਕਰਮ ਹਨ । ਇੰਗਲੈਂਡ ਦੀ ਦੇਸ ਪ੍ਰਦੇਸ ਅਖਬਾਰ ਦੇ ਐਡੀਟਰ ਤਰਸੇਮ ਸਿੰਘ ਪੁਰੇਵਾਲ ਨਾਲ ਇਕ ਇੰਟਰਵੀਊ ਵਿਚ ਕੰਵਲ ਹੋਰਾਂ ਨੇ ਦੋ ਗੱਲਾਂ ਆਖੀਆਂ :

ਪਹਿਲੀ : ਗੁਰੂ ਗੋਬਿੰਦ ਸਿੰਘ ਅਤੇ ਬੰਦਾ ਬਹਾਦੁਰ ਦੇ ਬਾਅਦ ਪੰਜਾਬ ਨੂੰ ਸੰਤ ਜਰਨੈਲ ਸਿੰਘ ਭਿੰਡਰਾਂ ਵਾਲਾ ਇਕ ਅਸਲੀ ਲੀਡਰ ਮਿਲਿਆ ਹੈ, ਉਸ ਵਿਚ ਉਹਨਾਂ ਵਾਲੀ ਸਪਿਰਿਟ ਹੈ ।

ਦੂਜੀ : ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਇਹ ਮੰਗ ਜਾਇਜ਼ ਹੈ ਕਿ ਯੂ.ਪੀ, ਬਿਹਾਰ ਦੇ ਭਈਏ ਜੋ ਪੰਜਾਬ ਵਿਚ ਆਏ ਹਨ ਉਹਨਾਂ ਨੂੰ ਵੋਟ ਦਾ ਹੱਕ ਜਾਂ ਪੰਜਾਬ ਵਿਚ ਪੱਕੇ ਤੌਰ ਤੇ ਵਸਣ ਦਾ ਹੱਕ ਨਹੀਂ ਹੋਣਾ ਚਾਹੀਦਾ ।

ਕੰਵਲ ਹੋਰਾਂ ਦੀ ਨਿੱਘੀ ਦੋਸਤੀ ਦਾ ਮੈਨੂੰ ਹਮੇਸ਼ਾ ਮਾਨ ਰਿਹਾ ਹੈ, ਪਰ ਉਹਨਾਂ ਦੇ ਇਹਨਾਂ ਵਿਚਾਰਾਂ ਨਾਲ ਸਹਿਮਤੀ ਨਹੀਂ ਪ੍ਰਗਟਾਈ ਜਾ ਸਕਦੀ ਹੈ । ਇਸ ਵਿਸ਼ੇ ਤੇ ਇਕ ਇੰਟਰਵੀਊ ਉਹਨਾਂ ਨੇ ਸਾਥੀ ਲੁਧਿਆਨਵੀ ਨੂੰ ਵੀ ਦਿਤੀ ਹੈ । ਉਹਦੇ ਕੁਝ ਅੰਸ਼ ਮੈਂ ਹੂਬਹੂ ਇਥੇ ਦੇ ਰਿਹਾ ਹਾਂ, ਤਾਂ ਜੋ ਸਮਤਾ ਦੇ ਪਾਠਕ ਵੀ ਇਸਦਾ ਨੋਟਿਸ ਲੈ ਸਕਨ ।

ਸਾਥੀ—ਤਰਸੇਮ ਪੁਰੇਵਾਲ ਦੇ ਘਰ ਜਦੋਂ ਆਪਾਂ ਬੈਠੇ ਸਾਂ ਤਾਂ ਤੁਸੀਂ ਆਖਿਆ ਸੀ ਕਿ ਪੰਜਾਬ ਵਿਚ ਢੇਰ ਸਾਰੀ ਗਿਣਤੀ ਨਾਲ ਆ ਰਹੇ ਭਈਏ ਪੰਜਾਬ ਦੇ ਤਵਾਜ਼ਨ ਨੂੰ ਖਰਾਬ ਕਰ ਰਹੇ ਹਨ । ਇਸ ਬਾਰੇ ਹੋਰ ਵਿਸਥਾਰ ਨਾਲ ਕੁਝ ਕਹੋ ।

ਕੰਵਲ—ਇਹ ਗੱਲ ਬਿਲਕੁਲ ਦਰੁਸਤ ਐ । ਏਸ ਵੇਲੇ ਵੀ ਪੰਜਾਬ ਅਠਤਾਲੀ ਤੇ ਬਵੰਜਾ ਦੀ ਰੇਸ਼ੋ ਉਤੇ ਖੜ੍ਹਾ ਹੈ । ਭਈਏ ਹਮੇਸ਼ਾਂ ਹਿੰਦੂਆਂ ਦਾ ਹੀ ਪੱਖ ਪੂਰਨਗੇ ।

ਸਾਥੀ—ਤੁਸੀਂ ਇਹ ਵੀ ਕਿਹਾ ਕਿ ਉਹਨਾਂ ਨੂੰ ਪੰਜਾਬ ਵਿਚ ਵੋਟ ਦਾ ਹੱਕ ਨਹੀਂ ਹੋਣਾ ਚਾਹੀਦਾ ?

ਕੰਵਲ—ਇਹ ਬਿਲਕੁਲ ਠੀਕ ਹੈ । ਉਹਨਾਂ ਨੂੰ ਵੋਟ ਦਾ ਹੱਕ ਸਿਰਫ ਉਹਨਾਂ ਦੇ ਆਪਣੇ ਸੂਬੇ ਵਿਚ ਹੀ ਹੋਵੇ ਵਰਨਾ Minority ਜ਼ਬਾਨਾਂ ਸੁਰੱਖਿਅਤ ਨਹੀਂ ਰਹਿ ਸਕਣਗੀਆਂ । ਪੰਜਾਬੀ ਕਲਚਰ, ਜ਼ਬਾਨ ਤੇ ਸਾਹਿਤ ਤਬਾਹ ਹੋ ਜਾਣਗੇ ।

ਸਾਥੀ—ਤੁਸੀਂ ਯਾਨੀ ਵੱਖਵਾਦ ਵਿਚ ਵਿਸ਼ਵਾਸ ਰੱਖਦੇ ਹੋ ਕਿ ਸਾਰੇ ਸੂਬੇ ਵੱਖ ਵੱਖ ਰਹਿਣ ।

ਕੰਵਲ—ਤੁਸੀਂ ਗ਼ਲਤ ਹੋ ਤੁਹਾਡਾ ਸਵਾਲ ਵੀ ਗ਼ਲਤ ਹੈ । ਸੋਵੀਅਤ ਯੂਨੀਅਨ ਵਿਚ ਤੇ ਅਮਰੀਕਾ ਵਿਚ ਸਟੇਟਸ ਆਪਣੀ ਆਪਣੀ ਉਨਤੀ ਕਰ ਸਕਦੀਆਂ ਹਨ । ਉਹਨਾਂ ਕੋਲ ਅੰਦਰੂਨੀ ਕੰਟਰੋਲ ਹੈ । ਉਹ ਖ਼ੁਦਮੁਖਤਾਰ ਹਨ । ਇਹ ਵੱਖਵਾਦ ਵਾਲੀ ਗੱਲ ਨਹੀਂ । ਉਥੇ ਸਗੋਂ states ਮਜ਼ਬੂਤ ਹੋਈਆਂ ਹਨ । ਉਹਨਾਂ ਨੇ ਵਧੇਰੇ ਤਰੱਕੀ ਕੀਤੀ ਹੈ । ਤੁਸੀਂ ਲੋਕ ਇਸ ਗੱਲ ਨੂੰ ਵਧੇਰੇ ਚੁੱਕਦੇ ਹੋ ਕਿ ਚੂੰਕਿ ਤੁਹਾਨੂੰ ਇਥੇ ਵੋਟ ਦਾ ਹੱਕ ਮਿਲਿਆ ਹੋਇਐ । ਤੁਸੀਂ ਲੋਕ ਇਹ ਨਹੀਂ ਸੋਚਦੇ ਕਿ ਪੰਜਾਬ ਏਸ ਵੇਲੇ Minority 'ਚ ਜਾ ਰਿਹੈ । ਪੰਜਾਬੀ ਜ਼ਬਾਨ ਹੀ ਨਹੀਂ ਰਹੇਗੀ । ਪੰਜਾਬੀ ਕਲਚਰ ਹੀ ਨਹੀਂ ਰਹੇਗਾ । ਸਿੱਖਾਂ ਦੀ ਆਈਡੈਂਟਿਟੀ ਹੀ ਖ਼ਤਮ ਹੋ ਜਾਵੇਗੀ । ਸਿੱਖ ਇਹੋ ਜਿਹਾ ਵਿਧਾਨ ਕਿਉਂ ਮੰਨਣਗੇ ਜਿਹੜਾ ਉਹਨਾਂ ਨੂੰ ਖਤਮ ਕਰਦੈ ਤੇ ਮਾਰਦੈ ।

ਸਾਥੀ—ਤੁਹਾਡੀ ਗੱਲ ਜੇਕਰ ਮੰਨ ਲਈਏ ਤਾਂ ਬੰਗਾਲ, ਆਸਾਮ, ਉਤਰ ਪ੍ਰਦੇਸ਼ ਤੇ ਹੋਰ ਸੂਬਿਆਂ ਵਿਚ ਰਹਿੰਦੇ ਸਿੱਖ ਜਾਂ ਪੰਜਾਬੀ ਵੀ ਵੋਟ ਦੇ ਹੱਕਦਾਰ ਕੀਕੂੰ ਹੋਏ ? ਉਹਨਾਂ ਸੂਬਿਆਂ ਦੀ ਜ਼ਬਾਨ ਤਾਂ ਪੰਜਾਬੀ ਹੈ ਨਹੀਂ ਤੇ ਉਹਨਾਂ ਸੂਬਿਆਂ ਦੀਆਂ ਜ਼ਬਾਨਾਂ ਪੰਜਾਬੀਆਂ ਦੀਆਂ ਮਾਦਰੀ ਜ਼ਬਾਨਾਂ ਵੀ ਨਹੀਂ ।

ਕੰਵਲ—ਮੇਰੇ ਖਿਆਲ ਅਨੁਸਾਰ ਹੋਰਨਾਂ ਸੂਬਿਆਂ ਵਿਚ ਰਹਿੰਦੇ ਸਿੱਖਾਂ ਜਾਂ ਪੰਜਾਬੀਆਂ ਨੂੰ ਵੀ ਵੋਟ ਦਾ ਹੱਕ ਨਹੀਂ ਹੋਣਾ ਚਾਹੀਦਾ । ਸਭ ਲੋਕ ਆਪੋ ਆਪਣੇ ਸੂਬਿਆਂ ਵਿਚ ਜਾ ਕੇ ਵੋਟ ਪਾਉਣ ।

ਸਾਥੀ—ਕੰਵਲ ਜੀ, India is a secular states ਫੇਰ ਸੈਕੂਲਰਇਜ਼ਮ ਤਾਂ ਖਤਮ ਹੋ ਗਿਆ ਨਾ ?

ਕੰਵਲ—ਸੈਕੂਲਰਇਜ਼ਮ ਹੈ ਹੀ ਨਹੀਂ ਸੀ । ਜੇ ਸੈਕੂਲਰਇਜ਼ਮ ਹੁੰਦਾ ਤਾਂ ਹਰ ਤੀਜੇ ਮਹੀਨੇ ਪੰਜਾਬ 'ਚ ਫਿਰਕੂ ਫਸਾਦ ਕਾਹਨੂੰ ਖੜ੍ਹੇ ਹੋ ਜਾਂਦੇ ਕਸ਼ਮੀਰ ਵਿਚ ਹੁਣੇ ਜਿਹੇ ਹੋਈਆਂ ਇਲੈਕਸ਼ਨਾਂ ਦੌਰਾਨ ਇੰਦਰਾ ਗਾਂਧੀ ਨੇ ਜਿੰਨੀਆਂ ਸਪੀਚਾਂ ਦਿੱਤੀਆ ਹਨ ਭੜਕਾਊ ਸਨ । ਹਿੰਦੂਆਂ ਦੇ ਪੱਖ ਦੀ ਗੱਲ ਕੀਤੀ ਸੀ, ਸਿੱਟੇ ਵੱਜੋਂ ਹਿੰਦੂਆਂ ਨੇ ਕਾਂਗਰਸ ਨੂੰ ਤੇ ਮੁਸਲਮਾਨਾਂ ਨੇ ਮੁਸਲਮਾਨਾਂ ਨੂੰ ਵੋਟਾਂ ਦਿੱਤੀਆਂ ਹਨ । ਸੈਕੂਲਰਇਜ਼ਮ ਦੇ ਅਧਾਰ ਤੇ ਮੁਲਕ ਵੰਡਿਆ ਹੀ ਨਹੀਂ ਸੀ ਗਿਆ ।

ਸਾਥੀ—ਵੋਟ ਦੇ ਸਬੰਧ ਵਿਚ ਜੇਕਰ ਅਸੀਂ ਇੱਥੋਂ ਦੀ ਸਿਚੂਏਸ਼ਨ ਲਈਏ ਤਾਂ ਸਾਡੀ ਮਾਦਰੀ ਜ਼ਬਾਨ ਤਾਂ ਅੰਗਰੇਜ਼ੀ ਹੈ ਨਹੀਂ ਤੇ ਅਸੀਂ ਹਾਂ ਵੀ ਇਮੀਗਰਾਂਟ, ਸੋ

ਜੇਕਰ ਅੰਗਰੇਜ਼ ਸਾਨੂੰ ਆਖਣ ਬਈ ਤੁਹਾਡੀ ਕਿਉਂਕਿ ਮਾਦਰੀ ਜ਼ਬਾਨ ਅੰਗਰੇਜ਼ੀ ਨਹੀਂ ਇਸ ਲਈ ਤੁਹਾਨੂੰ ਵੋਟ ਦਾ ਹੱਕ ਵੀ ਨਹੀਂ ਤਾਂ ਕੀ ਇਹਨੂੰ ਤੁਸੀਂ ਹੱਕ ਵਜਾਨਬ ਸਮਝੋਗੇ ?

ਕੰਵਲ—ਉਹ ਹੱਕ ਵਜਾਨਬ ਐ ਤੇ ਫੇਰ ਤੁਹਾਨੂੰ ਇਹ ਫੈਸਲਾ ਕਰਨਾ ਪਵੇਗਾ ਕਿ ਤੁਸੀਂ ਇਥੇ ਰਹਿਣਾ ਕਿ ਉਥੇ ਰਹਿਣਾ।

ਸਾਥੀ—ਏਦਾਂ ਤਾਂ ਫਿਰ ਇਹ ਲੋਕ ਯਾਨੀ ਅੰਗਰੇਜ਼ ਜ਼ਿਆਦਾਂ ਲਿਬਰਲ ਹੋਏ ਕਿ ਇਹਨਾਂ ਨੇ ਸਾਨੂੰ ਸਾਡੀ ਮਾਦਰੀ ਜ਼ਬਾਨ ਅੰਗਰੇਜ਼ੀ ਨਾ ਹੋਣ ਦੇ ਬਾਵਜੂਦ ਵੀ ਵੋਟ ਦਾ ਹੱਕ ਦਿੱਤਾ ਹੋਇਐ।

ਕੰਵਲ—ਉਹਨਾਂ ਨੇ ਵੋਟ ਦਾ ਥੋਨੂੰ ਹੱਕ ਦਿੱਤਾ ਹੋਇਐ ਚੂੰਕਿ ਤੁਹਾਡੀ ਗਿਣਤੀ ਬਹੁਤ ਹੀ ਥੋੜ੍ਹੀ ਹੈ। ਅਸੀਂ ਤਾਂ ਉਥੇ 48-52 ਦੀ ਰੇਸ਼ੋ ਉਤੇ ਖਲੋਤੇ ਹਾਂ। ਥੋੜੇ ਜਿਹੇ ਹੋਰ ਭਈਏ ਆ ਜਾਣ ਤਾਂ ਅਸੀਂ ਮਨੋਰਿਟੀ 'ਚ ਹੋ ਜਾਂਦੇ ਹਾਂ।

ਸਾਥੀ—48-52 ਦੀ ਰੇਸ਼ੋ ਤਾਂ ਏਸ ਕਰਕੇ ਐ ਕਿ ਪੰਜਾਬ ਦਾ ਹਿੰਦੂ ਪੰਜਾਬੀ ਜ਼ਬਾਨ ਨੂੰ ਆਪਣੀ ਜ਼ਬਾਨ ਨਹੀਂ ਮੰਨਦਾ। ਉਹਨਾਂ ਨੂੰ convert ਕਰਨ ਦੀ ਲੋੜ ਹੈ। ਭਈਆਂ ਦੀ ਗਿਣਤੀ ਤਾਂ ਕੁਝ ਵੀ ਨਹੀਂ। ਉਹਨਾਂ ਨੂੰ ਦੋਸ਼ ਕਾਹਨੂੰ ਦਿੰਦੇ ਹੋ ?

ਕੰਵਲ—ਪਰ ਭਈਏ ਰਲਣਗੇ ਕੀਹਦੇ ਨਾਲ ? ਸਿੱਖਾਂ ਨਾਲ ਕਿ ਹਿੰਦੂਆਂ ਨਾਲ ? ਉਹ ਸਿਰਫ ਹਿੰਦੂਆਂ ਨਾਲ ਰਲਣਗੇ। ਤੁਸੀਂ ਇਹ ਗੱਲ ਕਿਉਂ ਨਹੀਂ ਸਮਝਦੇ ? ਆਸਾਮ ਵਿਚ ਵੀ ਇਹੋ ਕੁਝ ਹੋਇਆ। ਆਸਾਮੀ ਮਾਈਨੋਰਿਟੀ ਵਿਚ ਹੋ ਗਏ।

ਸਾਥੀ—ਮਾਈਗਰੇਸ਼ਨ ਦੇ ਸਬੰਧ ਵਿਚ...

ਕੰਵਲ—(ਟੋਕ ਕੇ) ਨਾ ਮੇਰਾ ਇਕ ਕਊਂਟਰ ਕੁਐਸਚਨ ਐ ਕਿ ਤੁਸੀਂ ਲੋਕ ਇਥੇ ਕਿਉਂ ਆਏ ਹੋ ? ਪੰਜਾਬ ਨੂੰ ਤੁਸੀਂ ਖਾਲੀ ਕਰ ਆਏ ਹੋ ਤੇ ਹੋਰਾਂ ਲੋਕਾਂ ਨੂੰ ਉਥੇ ਆਉਣ ਲਈ ਸੱਦਾ ਦੇ ਆਏ ਹੋ।

ਸਾਥੀ—ਸਾਡੇ ਚੋਂ ਨੱਬੇ ਫੀਸਦੀ, ਰੋਜ਼ਗਾਰ ਦੀ ਭਾਲ 'ਚ ਏਥੇ ਆਏ ਸਨ। ਜ਼ਿੰਦਗੀ ਦੀ ਬੈਟਰਮੈਂਟ ਲਈ ਆਏ ਸਨ। ਜੇਕਰ ਉਥੇ ਰੋਜ਼ਗਾਰ ਹੋਵੇ ਤਾਂ ਏਥੇ ਕਾਹਨੂੰ...

ਕੰਵਲ—(ਟੋਕ ਕੇ) ਸਭ ਤੋਂ ਵਧ ਕਸੂਰ ਉਹਨਾਂ ਲੋਕਾਂ ਦਾ ਹੈ ਜਿਹੜੇ ਪੰਜਾਬ ਨੂੰ ਛੱਡ ਕੇ ਏਧਰ ਆਏ ਹਨ। ਪੰਜਾਬ ਕਿਧਰ ਜਾਵੇ ? ਪੰਜਾਬ ਦੀ ਹੈਸੀਅਤ ਖਤਮ ਕਰਾਉਣ ਵਿਚ ਉਹਨਾਂ ਦਾ ਵੀ ਰੋਲ ਹੈ। ਇਹੋ ਲੋਕ ਰੌਲਾ ਪਾਉਂਦੇ ਹਨ ਕਿ ਭਈਆਂ ਨੂੰ ਵੋਟ ਦਾ ਹੱਕ ਹੋਣਾ ਚਾਹੀਦੈ।

ਸਾਥੀ—ਏਥੇ ਰਹਿੰਦੇ ਲੋਕੀ ਜੇਕਰ ਵਾਪਸ ਪੰਜਾਬ ਜਾਣ ਤਾਂ ਉਹਨਾਂ ਨੂੰ ਐਥੋਂ ਵਰਗੀਆਂ Opportunities ਨਹੀਂ ਮਿਲਦੀਆਂ ਤੇ ਬਿਊਰੋਕਰੇਸੀ ਆਦਿ...।

ਕੰਵਲ—ਸੱਭ Opportunities ਮਿਲਦੀਆਂ ਹਨ। ਤੁਹਾਨੂੰ ਵੋਟ ਪਾਉਣ ਦਾ ਹੱਕ ਵੀ ਹੋਵੇਗਾ। ਤੁਸੀਂ ਕਾਰੋਬਾਰ ਕਰ ਸਕਦੇ ਹੋ। ਤੁਸੀਂ ਫੈਕਟਰੀਆਂ ਲਾ ਸਕਦੇ ਹੋ।

ਸਾਥੀ—ਤੁਸੀਂ ਕਹਿੰਦੇ ਹੋ ਕਿ ਜਿਹੜੇ ਲੋਕ ਏਥੇ ਰਹਿੰਦੇ ਹਨ, ਉਹ ਮੂਰਖ ਹਨ।

ਕੰਵਲ—ਮੂਰਖ ਨਹੀਂ ਲਾਲਚੀ ਹਨ।

ਸਾਥੀ—ਉਹਨਾਂ ਦੀ ਆਪਣੀ ਮਜਬੂਰੀ ਅਤੇ ਜ਼ਰੂਰਤ ਵੀ ਹੈ। ਉਹਨਾਂ ਸਾਹਮਣੇ ਰੋਟੀ ਦਾ ਵੀ ਸਵਾਲ ਹੈ ਤੇ ਆਪਣੀ ਔਲਾਦ ਦੇ ਭਵਿੱਖ ਦਾ ਵੀ। ਇਸ ਮੁਲਕ ਨੂੰ ਉਹ ਅਪਨਾ ਚੁੱਕੇ ਹਨ ਤੇ...

ਕੰਵਲ—ਜ਼ਰੂਰਤਾਂ ਤਾਂ ਇਥੇ ਉਹਨਾਂ ਦੀਆਂ ਹੁਣ ਪੂਰੀਆਂ ਹੋ ਚੁੱਕੀਆਂ ਹਨ। ਗੱਲ ਹੁਣ ਜ਼ਰੂਰਤ ਤੋਂ ਵਧਕੇ ਲਾਲਚ ਤੱਕ ਪਹੁੰਚ ਗਈ ਹੈ। ਪੰਜਾਬ ਦਾ ਦੁਖਾਂਤ ਹੈ ਕਿ ਉਥੋਂ ਪੜ੍ਹਿਆ ਲਿਖਿਆ ਤੇ ਸ਼ਾਇਸਤਾ ਤਬਕਾ ਨਿਕਲ ਰਿਹਾ ਹੈ ਤੇ ਅਨਪੜ੍ਹ ਲੋਕੀ ਆ ਰਹੇ ਹਨ ਤੇ ਪੰਜਾਬ ਦੇ ਸਭਿਆਚਾਰ ਨੂੰ ਢਾਹ ਲਾ ਰਹੇ ਹਨ। ਉਥੇ ਇਹੋ ਜਿਹੇ ਲੋਕ ਆ ਰਹੇ ਹਨ ਜਿਹਨਾਂ ਨੂੰ ਅਸੀਂ ਕਦੇ ਪੰਜਾਬੀ ਬਣਾ ਹੀ ਨਹੀਂ ਸਕਦੇ।

ਸਾਥੀ—ਅਸੀਂ ਲੋਕ ਜਿਹੜੇ ਇਥੇ ਰਹਿ ਰਹੇ ਹਾਂ ਉਹਨਾਂ ਦੇ ਸੰਦਰਭ 'ਚ ਜਾਣੀ ਤੁਸੀਂ ਸਮਝਦੇ ਹੋ ਕਿ ਉਥੋਂ ਦੇ ਸਿਸਟਮ ਦਾ ਕੋਈ ਕਸੂਰ ਨਹੀਂ। ਸਾਡਾ ਹੀ ਕਸੂਰ ਹੈ ?

ਕੰਵਲ—ਸਿਸਟਮ ਦਾ ਤਾਂ ਕਸੂਰ ਹੈ ਹੀ। ਉਹ ਕਿਉਂ ਇਕ ਸੂਬੇ ਦੇ ਲੋਕਾਂ ਨੂੰ ਦੂਜੇ ਸੂਬੇ ਵਿਚ ਜਾਣ ਦਿੰਦਾ ਹੈ ? ਆਸਾਮ ਵਿਚ ਬੰਗਾਲੀ ਆਣ ਵੜੇ ਹਨ। ਆਸਾਮ ਤਾਂ ਰਗੜਿਆ ਗਿਆ ਨਾ। ਪੰਜਾਬ ਵਿਚ ਭਈਏ..।

ਸਾਥੀ—(ਟੋਕ ਕੇ) ਜੇਕਰ ਅਸੀਂ ਕੰਵਲ ਜੀ ਯੂਨੀਵਰਸਲ ਪੱਧਰ ਉਤੇ ਸੋਚੀਏ...

ਕੰਵਲ—(ਟੋਕ ਕੇ) ਯੂਨੀਵਰਸਲ ਪੱਧਰ ਉਤੇ ਸੋਚੀਏ ਤਾਂ ਜਿਹਨਾਂ ਦੀ ਆਬਾਦੀ ਜ਼ਿਆਦਾ ਹੈ, ਉਹ ਘੱਟ ਗਿਣਤੀ ਵਾਲੇ ਮੁਲਕਾਂ ਵਿਚ ਜਾ ਕੇ ਉਥੋਂ ਦੇ ਸਭਿਆਚਾਰ ਨੂੰ ਮਲੀਆਮੇਟ ਕਰ ਦੇਣਗੇ।

ਸਾਥੀ—ਕੰਵਲ ਜੀ ਤੁਸੀਂ ਇਹ ਕਹਿ ਰਹੇ ਲੱਗਦੇ ਹੋ ਕਿ ਦੁਨੀਆਂ ਦਿਆਂ ਮੁਲਕਾਂ ਦੀਆਂ ਹੱਦਬੰਦੀਆਂ ਸਟ੍ਰਿਕਟਲੀ ਅਬਜ਼ਰਬ ਕਰਨੀਆਂ ਚਾਹੀਦੀਆਂ ਹਨ ਤੇ ਸਭ ਲੋਕ ਆਪਣੇ ਆਪਣੇ ਬੌਰਡਰ ਵਿਚ ਰਹਿਣ।

ਕੰਵਲ—ਮੈਂ ਇਹ ਕਹਿ ਰਿਹਾ ਹਾਂ ਕਿ ਹਰ ਮੁਲਕ ਦੀ ਆਪਣੀ ਆਇਡੈਂਟਿਟੀ ਕਾਇਮ ਰਹੇ . ਆਉਣ ਜਾਣ ਤੇ ਕੰਮ ਕਾਰ ਦੀ ਬੇਸ਼ੱਕ ਖੁਲ੍ਹ ਹੋਵੇ ।

ਸਾਥੀ—ਤੁਹਾਨੂੰ ਸ਼ਾਇਦ ਇਹ ਨਾ ਪਤਾ ਹੋਵੇ ਕਿ ਇਸ ਆਇਡੈਂਟਿਟੀ ਨੂੰ ਲੈ ਕੇ ਹੀ ਈਨੋਕ ਪਾਵਲ ਨੇ 968 ਵਿਚ ਪਹਿਲੀ ਨਸਲਵਾਦੀ ਤਕਰੀਰ ਕੀਤੀ ਸੀ ਕਿ ਰੰਗਦਾਰਾਂ ਨੇ ਇਥੇ ਆ ਕੇ ਸਾਡੀ ਆਈਡੈਂਟਿਟੀ ਖਤਮ ਕਰ ਦਿਤੀ ਹੈ । ਨੈਸ਼ਨਲ ਫਰੰਟ ਅਤੇ ਹੋਰ ਫਾਸ਼ੀ ਪਾਰਟੀਆਂ ਦਾ ਵੀ ਇਹੋ ਨਾਅਰਾ ਹੈ ! ਤੁਹਾਡੀਆਂ ਗੱਲਾਂ ਜੇਕਰ ਅੰਗਰੇਜ਼ੀ ਵਿਚ ਲਿਖੀਆਂ ਜਾਣ ਤਾ ਉਹਨਾਂ ਦੀ ਤੇ ਤੁਹਾਡੀ ਗੱਲ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ । ਕੀ ਪਾਵਲ ਤੇ ਨੈਸ਼ਨਲ ਫਰੰਟੀਏ ਠੀਕ ਗੱਲ ਕਹਿ ਰਹੇ ਐ ?

ਕੰਵਲ—ਮੇਰਾ ਖਿਆਲ ਐ ਕਿ ਉਹ ਆਪਣੇ ਮੁਲਕ ਲਈ ਠੀਕ ਕਹਿ ਰਹੇ ਐ । ਗਲਤ ਨਹੀਂ ਕਹਿ ਰਹੇ ।

ਸਾਥੀ—ਸੋ ਜੇਕਰ ਇਹ ਲੋਕ ਸਾਨੂੰ ਇਸ ਮੁਲਕ ਚੋਂ ਕੱਢ ਦੇਣ ਤਾਂ ਉਹਨਾਂ ਦੀ ਗੱਲ JUSTIFIABLE ਹੈ ?

ਕੰਵਲ—ਮੇਰੇ ਖਿਆਲ ਵਿਚ ਉਹ ਜਸਟੀਫਾਈ ਹਨ । ਤੁਸੀਂ ਉਹਨਾਂ ਦੇ ਮੁਲਕ ਵਿਚ ਕਿਉਂ ਆਏ ਹੋ ? ਉਹ ਕੱਢ ਸਕਦੇ ਐ ਆਪਣੇ ਮੁਲਕ ਚੋਂ ।

## 2. ਕੀ ਭਈਏ ਪੰਜਾਬ ਲਈ ਖਤਰਾ ਹਨ ?

ਅਕਾਲੀ ਸਰਕਾਰ ਦੇ ਸਾਬਕਾ ਵਿਤ ਮੰਤਰੀ ਬਲਵੰਤ ਸਿੰਘ ਨੇ ਇੰਗਲੈਂਡ ਦੀ ਇਕ ਅਖਬਾਰ ਦੇਸ ਪ੍ਰਦੇਸ ਨੂੰ ਬਿਆਨ ਦਿਤਾ ਹੈ 'ਪੰਜਾਬ ਵਿਚ ਅਕਾਲੀ ਸਰਕਾਰ ਬਣ ਗਈ ਤਾਂ ਭਈਆਂ ਨੂੰ ਕੰਮ ਨਹੀਂ ਦਿਤਾ ਜਾਏਗਾ" ਉਘੇ ਲੇਖਕ ਜਸਵੰਤ ਸਿੰਘ ਕੰਵਲ ਨੇ ਵੀ ਕੁਝ ਇਹੋ ਜਿਹੇ ਹੀ ਵਿਚਾਰ ਦਰਸਾਏ ਹਨ । ਉਹਨਾਂ ਕਿਹਾ ਹੈ "ਪੰਜਾਬ ਦੇ ਸਭਿਆਚਾਰ ਨੂੰ ਭਈਆਂ ਕੋਲੋਂ ਖਤਰਾ ਹੈ" ਇਹਨਾਂ ਬਿਆਨਾਂ ਤੇ ਟਿਪਣੀ ਸੰਸਾਰ ਭਰ ਵਿਚ ਹੋ ਰਹੇ ਸੰਘਰਸ਼ਾਂ ਦੇ ਸੰਦਰਭ ਵਿਚ ਕਰਨੀ ਲਾਹੇਵੰਦ ਹੋਵੇਗੀ ।

ਕੈਨੇਡਾ ਵਿਚ ਨੱਸਲੀ ਵਿਤਕਰੇ ਵਿਰੁਧ ਸਾਡੇ ਹਿੰਦੋਸਤਾਨੀ ਸੰਘਰਸ਼ ਚਲਾ ਰਹੇ ਹਨ । ਉਹਨਾਂ ਦੀ ਦਲੀਲ ਹੈ ਕਿ ਕੈਨੇਡਾ ਦੇ ਆਰਥਕ ਵਿਕਾਸ ਵਿਚ ਉਹਨਾਂ ਦੇ ਬੁਜ਼ਰਗਾਂ ਨੇ ਇਕ ਵਿਸ਼ੇਸ਼ ਹਿੱਸਾ ਪਾਇਆ ਹੈ । ਇਸ ਲਈ ਉਹਨਾਂ ਨੂੰ ਦੂਜੇ ਦਰਜੇ ਦਾ ਸ਼ਹਿਰੀ ਨਾ ਸਮਝਿਆ ਜਾਏ । ਨੌਕਰੀ ਦੇਣ ਵੇਲੇ ਉਹਨਾਂ ਦੀ ਵਾਰੀ ਸਾਰਿਆਂ ਨਾਲੋਂ ਪਿਛੇ ਆਂਦੀ ਹੈ ਤੇ ਨੌਕਰੀਓਂ ਕਢਣ ਵੇਲੇ ਉਹਨਾਂ ਦੀ ਵਾਰੀ ਸਾਰਿਆਂ ਨਾਲੋਂ ਪਹਿਲੇ ਆਂਦੀ ਹੈ। ਗੋਰੇ ਲੋਕਾਂ ਦੀ ਇਹ ਦਲੀਲ ਹੈ ਕਿ ਸਾਡੇ ਆਪਣੇ ਵਾਸਤੇ ਕੰਮ ਨਹੀਂ; ਅਸੀਂ ਕਾਲਿਆਂ ਨੂੰ ਕਿਥੋਂ ਕੰਮ ਦੇਈਏ ? ਉਹ ਨਸਲੀ ਝਗੜਾ ਸਾਫ ਤੌਰ ਤੇ ਆਰਥਕ ਕਾਰਨਾ ਕਰਕੇ ਹੈ । ਮੰਦਵਾੜਾ ਹੈ, ਇਸ ਕਰਕੇ ਨਜ਼ਲਾ ਉਹਨਾਂ ਤੇ ਹੀ ਡਿਗਣਾ ਹੈ, ਜੋ ਘੱਟ ਗਿਣਤੀ ਵਿਚ ਹਨ ਤੇ ਜਿਨ੍ਹਾਂ ਦੀ ਸਰਕਾਰ ਵਿਚ ਆਵਾਜ਼ ਨਹੀਂ ਇਹੋ ਗਲ ਇੰਗਲੈਂਡ ਤੇ ਵੀ ਲਾਗੂ ਹੁੰਦੀ ਹੈ ।

ਲੰਕਾ ਵਿਚ ਤਾਮਿਲ ਅਤੇ ਸਿਨ੍ਹਾਲੀ ਲੋਕਾਂ ਦਾ ਝਗੜਾ ਹੈ। ਕਦੀ ਇਕੱਠੇ ਵੱਸਦੇ ਸੀ । ਸਾਰਿਆਂ ਲਈ ਥਾਂ ਸੀ । ਆਰਥਕ ਸੰਕਟ ਨਹੀਂ ਸੀ ਇਸ ਕਰਕੇ ਸੋਚਣੀ ਵਿਚ ਵੀ ਵਿਸ਼ਾਲਤਾ ਸੀ । ਹੁਣੇ ਆਰਥਕ ਸੰਕਟ ਹੈ । ਸਿਨਹਾਲੀ ਕਹਿੰਦੇ ਹਨ ਕਿ ਅਸਲੀ ਲੰਕਾ ਦੇ ਅਸਲੀ ਬਸ਼ਿੰਦੇ ਹਾਂ । ਇਹ ਤਾਮਿਲ ਲੋਕ ਹਿੰਦੋਸਤਾਨ ਤੋਂ ਆਏ ਸਨ । ਆਪਣੇ ਦੇਸ਼ ਵਾਪਸ ਜਾਣ ।

ਆਸਾਮ ਵਿਚ ਵੀ ਝਗੜੇ ਦੀ ਜੜ੍ਹ ਇਹੋ ਹੈ ਕਿ ਆਸਾਮ ਵਾਲੇ ਇਹ ਮਹਿਸੂਸ ਕਰਦੇ ਹਨ ਕਿ ਬੰਗਾਲੀ ਉਹਨਾਂ ਦੇ ਹੱਕਾਂ ਤੇ ਛਾਪਾ ਮਾਰਦੇ ਹਨ ! ਇਸ ਲਈ ਉਹ ਉਹਨਾਂ ਨੂੰ ਬਾਹਰ ਕਢਣਾ ਚਾਂਹੁੰਦੇ ਹਨ ।

ਇੰਗਲੈਂਡ ਵਿਚ ਆਇਰਲੈਂਡ ਦੇ ਲੋਕ ਸੰਘਰਸ਼ ਕਰ ਰਹੇ ਹਨ ਤੇ ਗੁਰੀਲਾ ਐਕਸ਼ਨਾਂ ਨਾਲ ਉਹਨਾਂ ਨੇ ਇੰਗਲੈਂਡ ਦੀ ਹਕੂਮਤ ਨੂੰ ਵਡੀ ਚਿੰਤਾ ਪਾਈ ਹੋਈ ਹੈ । ਸਵਾਲ ਉਥੇ ਵੀ ਆਰਥਕਤਾ ਦਾ ਹੈ ।

ਅਮਰੀਕਾ ਦੀਆਂ ਅਖਬਾਰਾਂ ਵਿਚ ਕਾਲੇ ਲੋਕਾਂ ਦੇ ਸੰਘਰਸ਼ ਚਲ ਰਹੇ ਹਨ । ਉਥੋਂ ਦੀ ਅਰਥਕਤਾ ਇਸ ਵੇਲੇ ਸੰਕਟ ਵਿਚ ਹੈ, ਸਾਰਿਆਂ ਨੂੰ ਰੁਜ਼ਗਾਰ ਨਹੀਂ ਦੇ ਸਕਦੀ । ਰੁਜ਼ਗਾਰ ਦੀਆਂ ਸਹੂਲਤਾਂ ਥੋੜੀਆਂ ਹਨ । ਉਮੀਦਵਾਰ ਬਹੁਤੇ ਹਨ । ਇਸ ਲਈ ਇਕ ਦੂਜੇ ਨੂੰ ਚੁਭਦੇ ਹਨ ।

ਪੋਲੈਂਡ ਵਿਚ ਲੋਕ ਰਾਏ ਰੂਸੀ ਗਲਬੇ ਦੇ ਵਿਰੁਧ ਹੈ ।

ਥੋੜਾ ਜਿਹਾ ਵੀ ਇਸ ਮਸਲੇ ਨੂੰ ਡੂੰਘੀ ਤਰ੍ਹਾਂ ਵੇਖੀਏ ਤਾਂ ਇਹ ਸੱਪਸ਼ਟ ਹੋ ਜਾਏਗਾ ਕਿ ਨਲਾਇਕ ਸਰਕਾਰਾਂ ਜਾਂ ਲੁਟ ਖਸੁੱਟ ਦਾ ਆਰਥਕ ਨਿਜ਼ਾਮ ਹੈ ਜੋ ਬੁਨਿਯਾਦੀ ਤੌਰ ਤੇ ਇਹਨਾਂ ਸੰਕਟਾਂ ਅਤੇ ਵਿਤਕਰਿਆਂ ਦਾ ਜ਼ਿਮੇਵਾਰ ਹੈ । ਇਸਦਾ ਖਮਿਆਜ਼ਾ ਸਾਧਾਰਨ ਲੋਕਾਂ ਨੂੰ ਭੁਗਤਨਾ ਪੈ ਰਿਹਾ ਹੈ ।

ਸਰਮਾਏਦਾਰ ਮੁਲਕਾਂ ਵਿਚ ਤਕਨੀਕੀ ਵਿਕਾਸ ਬੇਰੁਜ਼ਗਾਰੀ ਦਾ ਜ਼ਿਮੇਵਾਰ ਹੈ । ਹਰ ਇਕ ਕੰਮ ਵਿਚ ਕੰਮਪਿਊਟਰ ਜਾਂ ਅਪਣੇ ਆਪ ਕੰਮ ਕਰਨ ਵਾਲੀਆਂ ਮਸ਼ੀਨਾਂ ਹੋਂਦ ਵਿਚ ਆ ਗਈਆਂ ਹਨ । ਕਾਰਖਾਨੇਦਾਰ ਜਾਂ ਮਾਲਕ ਲੋਕ ਸਮਝਦੇ ਹਨ ਕਿ ਉਹ ਇਸ ਤਕਨੀਕੀ ਵਿਕਾਸ ਦੇ ਸੰਦਾਂ ਨੂੰ ਵਰਤ ਕੇ ਬਹੁਤਾ ਮੁਨਾਫਾ ਕਮਾ

ਸਕਦੇ ਹਨ ਅਤੇ ਨਾਲ ਨਾਲ ਮਜ਼ਦੂਰਾਂ ਨਾਲ ਰੋਜ਼ ਰੋਜ਼ ਦੀ ਸਿਰਖਪਾਈ ਤੋਂ ਛੁਟਕਾਰਾ ਪਾ ਸਕਦੇ ਹਨ । ਪੈਦਾਵਾਰੀ ਵਸੀਲਿਆਂ ਦੇ ਮਾਲਕਾਂ ਦੀ ਇਸ ਪਹੁੰਚ ਸਦਕਾ ਰੁਜ਼ਗਾਰ ਦੀਆਂ ਸਹੂਲਤਾਂ ਘਟਦੀਆਂ ਹਨ ਅਤੇ ਬੇਰੁਜ਼ਗਾਰੀ ਵਧਦੀ ਹੈ । ਨਤੀਜੇ ਦੇ ਤੌਰ ਤੇ ਸਮੂਹ ਲੋਕਾਂ ਦੀ ਖ੍ਰੀਦ ਸ਼ਕਤੀ ਘੱਟਦੀ ਹੈ । ਡੂੰਘਾਂ ਸੰਕਟ ਹੈ । ਪ੍ਰੈਸ ਸਾਰਾ ਵਡੇ ਲੋਕਾਂ ਕੋਲ੍ਹ ਹੈ । ਸਿੱਸਟਮ ਦੇ ਸੰਕਟ ਨੂੰ ਉਹ ਲੋਕਾਂ ਵਿਚ ਫੁੱਟ ਦੀ ਸ਼ਕਲ ਦੇਣ ਦਾ ਯਤਨ ਕਰਦੇ ਹਨ ਅਤੇ ਅਪਣੇ ਵਿਸ਼ਾਲ ਸਾਧਨਾਂ ਨੂੰ ਵਰਤਕੇ ਉਹ ਅਪਣੇ ਯਤਨਾਂ ਵਿਚ ਇਕ ਹੱਦ ਤਕ ਕਾਮਯਾਬ ਵੀ ਹੋ ਜਾਦੇ ਹਨ, ਗੋਰੇ ਮਜ਼ਦੂਰ ਨੂੰ ਕਾਲਾਂ ਮਜ਼ਦੂਰ ਚੁਭਣ ਲਗ ਪੈਂਦਾ ਹੈ । ਸਿਨਹਾਲੀ ਮਜ਼ਦੂਰ ਦੀ ਅੱਖਾਂ ਵਿਚ ਤਾਮਿਲ ਮਜ਼ਦੂਰ ਕੰਡਾ ਬਣ ਜਾਂਦਾ ਹੈ ।

ਸਾਡੇ ਦੇਸ਼ ਵਿਚ ਆਸਾਮ; ਪੰਜਾਬ, ਨੇਵਾ ਆਦਿਕ ਦੇ ਇਲਾਕਿਆਂ ਦੇ ਝਗੜਿਆਂ ਦੀ ਜ਼ਿੰਮੇਵਾਰ ਸਾਡੀ ਨਾਲਾਇਕ ਅਤੇ ਭ੍ਰਿਸ਼ਟਾਚਾਰੀ ਸਰਕਾਰ ਹੈ ਜੋ ਕੁਝ ਅਜਾਰੇਦਾਰ ਦਾ ਪੱਖ ਹਮੇਸ਼ਾ ਪੂਰਦੀ ਹੈ । ਆਸਾਮ ਕੋਲ ਤੇਲ ਹੈ, ਜੇ ਤਰੀਕੇ ਨਾਲ ਵਿਕਾਸ ਕੀਤਾ ਜਾਏ ਤਾਂ ਸਾਰਿਆਂ ਲਈ ਰੁਜ਼ਗਾਰ ਪੈਦਾ ਕੀਤਾ ਜਾ ਸਕਦਾ ਹੈਂ, ਫਿਰ ਆਸਾਮੀਆਂ ਨੂੰ ਬੰਗਾਲੀਆਂ ਦੀ ਹੋਂਦ ਕਦੀ ਨਹੀਂ ਚੁਭੇਗੀ । ਕੋਈ ਸ੍ਰ: ਬਲਵੰਤ ਸਿੰਘ ਕੋਲੋਂ ਪੁਛੇ ਕਿ ਕੀ ਕਾਰਨ ਹਨ ਕਿ ਪੰਜਾਬ ਦੇ ਨੌਜਵਾਨ ਬਦੇਸ਼ਾਂ ਵਿਚ ਧੱਕੇ ਖਾਣ ਤੇ ਮਜਬੂਰ ਹਨ । ਕੀ ਇਹਦਾ ਕਾਰਨ ਭਈਏ ਹਨ ? ਸ੍ਰ: ਜਸਵੰਤ ਸਿੰਘ ਹੋਰਾਂ ਕੋਲੋਂ ਕੋਈ ਪੁਛੇ ਕਿ ਪੰਜਾਬੀ ਸਭਿਆਚਾਰ ਨੂੰ ਢਾਹ ਮਾਰਨ ਲਈ ਜੋ ਲੱਚਰ ਕਿਸਮ ਦਾ ਸਾਹਿਤ ਜਾਂ ਲੱਚਰ ਕਿਸਮ ਦੇ ਗੀਤ ਪ੍ਰਚਲਤ ਹਨ, ਕੀ ਉਹਦਾ ਕਾਰਨ ਉਹ ਭਈਏ ਹਨ ? ਹਰਗਿਜ਼ ਨਹੀਂ ।

ਦੁਨੀਆ ਦੇ ਸੰਘਰਸ਼ਾਂ ਬਾਰੇ ਇਹ ਤਸਵੀਰ ਦਾ ਇਕ ਪਾਸਾ ਹੈ । ਹਰ ਇਕ ਸੰਘਰਸ਼ ਗ਼ਲਤ ਲੀਹਾਂ ਤੇ ਨਹੀਂ । ਕੁਝ ਸੰਘਰਸ਼ ਐਸੇ ਹਨ ਜੋ ਦੱਬੇ ਕੁਚਲੇ ਲੋਕ ਅਪਣੀ ਹੋਂਦ ਨੂੰ ਕਾਇਮ ਰਖਣ ਵਾਸਤੇ ਕਰ ਰਹੇ ਹਨ ।

ਦਖਣੀ ਅਮਰੀਕਾ ਜਾਂ ਅਫਰੀਕਾ ਦੇ ਕਾਲੇ ਲੋਕ ਜੇਕਰ ਚਿਟਿਆਂ ਦਾ ਗ਼ਲਬਾ ਦੂਰ ਕਰਨ ਲਈ ਸੰਘਰਸ਼ ਕਰ ਰਹੇ ਹਨ ਤਾਂ ਉਹਨਾਂ ਦਾ ਸੰਘਰਸ਼ ਨਿਆਂ ਲਈ ਹੈ, ਕਿਉਂਕਿ ਉਹਨਾਂ ਦੀ ਅਪਣੀ ਧਰਤੀ ਉਤੇ ਉਹ ਦੂਜੇ ਦਰਜੇ ਦੇ ਸ਼ਹਿਰੀ ਬਣ ਗਏ ਹਨ । ਆਰਥਕਤਾ ਦੇ ਸਾਰੇ ਵਸੀਲੇ ਚਿੱਟਿਆਂ ਨੇ ਸਾਂਭੇ ਹੋਏ ਹਨ । ਪੋਲੈਂਡ ਵਾਲੇ ਲੋਕ ਜੇਕਰ ਰੂਸੀ ਗ਼ਲਬੇ ਵਿਰੁਧ ਸੰਘਰਸ਼ ਕਰਦੇ ਹਨ ਤਾਂ ਸੱਚ ਉਹਨਾਂ ਦੇ ਹੱਕ ਵਿਚ ਹੈ । ਕੋਈ ਵਿਸ਼ੇਸ਼ ਧਾਰਮਕ ਜਾਂ ਸਭਿਆਚਾਰਕ ਕਮਿਊਨਿਟੀ ਅਪਣੀ ਵੱਖ ਪਛਾਣ ਜਾਂ ਹੱਸਤੀ ਨੂੰ ਕਾਇਮ ਰਖਣ ਦੀ ਕੋਸ਼ਿਸ਼ ਕਰਦੀ ਹੈ ਤਾਂ ਸੱਚ ਉਹਦੇ ਹੱਕ ਵਿਚ ਹੋਵੇਗਾ ।

ਪੰਜਾਬ ਵਿਚ ਗੁਜਰਾਤੀ ਸੇਠ ਆ ਕੇ ਜੇਕਰ ਪੰਜਾਬ ਦੀ ਆਰਥਕਤਾ ਵਿਚ ਦਖਲ ਅੰਦਾਜ਼ੀ ਕਰਨ ਤਾਂ ਉਹ ਖਤਰਾ ਪੈਦਾ ਕਰ ਸਕਦੇ ਹਨ, ਪਰ ਭਈਏ ਨਹੀਂ ਕਿਉਂਕਿ ਉਹ ਗਰੀਬ ਲੋਕ ਕਦੀ ਵੀ ਆਰਥਕ ਵਸੀਲਿਆਂ ਦੇ ਮਾਲਕ ਨਹੀਂ; ਉਹ ਤਾਂ ਸਗੋਂ ਸੱਸਤੀ ਲੇਬਰ ਦੇਕੇ ਪੰਜਾਬ ਦੀ ਆਰਥਕਤਾ ਵਿਚ ਸਹਾਈ ਹਨ, ਜਿਸ ਤਰ੍ਹਾਂ ਕੈਨੇਡਾ ਅਤੇ ਇੰਗਲੈਂਡ ਵਿਚ ਹਿੰਦੋਸਤਾਨੀ ਸੱਸਤੀ ਲੇਬਰ ਦੇ ਜ਼ਿਮੇਵਾਰ ਹਨ । ਅਜਾਰੇਦਾਰਾਂ ਦੇ ਹਿੱਤ ਪਾਲਦੀ ਹੋਈ ਕੇਂਦਰੀ ਸਰਕਾਰ ਦੇ ਵਿਰੁਧ ਸੰਘਰਸ਼ ਜਾਇਜ਼ ਹੈ ਜਿਸਨੇ 92% ਸਨਅਤੀ ਲਾਇਸੈਂਸ ਅਪਣੇ ਕੰਟਰੋਲ ਵਿਚ ਰਖੇ ਹੋਏ ਹਨ । ਇਸ ਤਾਨਾਸ਼ਾਹੀ ਵਿਰੁਧ ਲੜਾਈ ਹੱਕ ਦੀ ਲੜਾਈ ਹੈ, ਸੂਬਿਆਂ ਲਈ ਵੱਧ ਅਧਿਕਾਰ ਇਕ ਸਹੀ ਸੰਘਰਸ਼ ਹੈ ਪਰ ਜੇ ਇਸ ਸੰਘਰਸ਼ ਵਿਚ ਮਜ਼ਦੂਰ ਭਈਏ ਨਿਸ਼ਾਨਾ ਬਣਾਏ ਜਾਣ ਤਾਂ ਇਹ ਸੰਘਰਸ਼ ਨੂੰ ਗ਼ਲਤ ਲੀਹਾਂ ਤੇ ਪਾਉਣਾ ਹੋਵੇਗਾ । ਸੂਝਵਾਨ ਲੋਕਾਂ ਦਾ ਫਰਜ਼ ਹੈ ਕਿ ਉਹ ਹਰ ਮੱਸਲੇ ਦਾ ਸਹੀ ਤਰੀਕੇ ਨਾਲ ਮੁਲਅੰਕਣ ਕਰਨ ਤੇ ਹਵਾ ਵਿਚ ਡਾਂਗਾਂ ਨਾ ਮਾਰਨ, ਇਸ ਸਮੇਂ ਦੀ ਲੋੜ ਹੈ । o

## 3. ਚੀਨ ਅਤੇ ਮਾਉ ਵਿਚਾਰਧਾਰਾ:

ਚੀਨ ਵਿਚ ਵਾਪਰ ਰਹੀ ਹਰ ਘਟਨਾ ਬਾਰੇ ਦੁਨੀਆਂ ਭਰ ਦੇ ਇਨਕਲਾਬੀ ਹਲਕਿਆਂ ਵਿਚ ਡੂੰਘੀ ਚਰਚਾ ਹੁੰਦੀ ਹੈ । ਪਰ ਇਸ ਚਰਚਾ ਵਿਚ ਬਹੁਤ ਵਾਰੀ ਗ਼ੈਰ ਵਿਗਿਆਨਿਕ ਪਹੁੰਚ ਭਾਰੂ ਹੁੰਦਾ ਹੈ । ਹਰ ਘਟਨਾ ਨੂੰ ਮਾਓ ਪੱਖੀ ਜਾਂ ਮਾਓ ਵਿਰੋਧੀ ਸ਼ਬਦਾਵਲੀ ਵਿਚ ਪਰਗਟਾਇਆ ਜਾਂਦਾ ਹੈ ਤੇ ਬਹੁਤੋਂ ਵਾਦ-ਵਿਵਾਦ ਵੀ ਇਸੇ ਪ੍ਰਸੰਗ ਵਿਚ ਕੀਤਾ ਜਾਂਦਾ ਹੈ ਜਦ ਕਿ ਸਹੀ ਪਹੁੰਚ ਹੋਣੀ ਚਾਹੀਦੀ ਹੈ ਕਿ ਘਟਨਾ ਦਾ ਵਿਸ਼ਲੇਸ਼ਨ ਆਰਥਕ ਅਧਾਰਾਂ ਤੇ ਕੀਤਾ ਜਾਏ ਤੇ ਮਾਓ ਪੱਖੀ ਜਾਂ ਮਾਓ ਵਿਰੋਧੀ ਸ਼ਬਦਾਵਲੀ ਵਰਤਨ ਦੀ ਥਾਂ ਇਨਕਲਾਬ ਪੱਖੀ ਜਾਂ ਇਨਕਲਾਬ ਵਿਰੋਧੀ ਸ਼ਬਦਾਵਲੀ ਵਰਤੀ ਜਾਏ । 1949 ਦੇ ਬਾਅਦ ਦਾ ਜੇਕਰ ਚੀਨ ਦਾ ਇਤਿਹਾਸ ਲਿਆ ਜਾਏ ਤਾਂ ਮਾਓ ਦੇ ਜੀਂਦਿਆਂ ਵੀ ਹਾਲਾਤ ਦੇ ਅਨੁਸਾਰ ਪਾਲਸੀ ਵਿਚ ਤਬਦੀਲੀਆਂ ਹੁੰਦੀਆਂ ਰਹੀਆਂ ਹਨ । ਗ਼ਲਤੀਆਂ ਤੋਂ ਸਿਖਣਾ ਮਾਓ ਵਿਚਾਰਧਾਰਾ ਦਾ ਜ਼ਰੂਰੀ ਅੰਗ ਹੈ । ਰੂਸ ਦੇ ਤਜਰਬੇ ਨੂੰ ਵੇਖਦਿਆਂ ਹੋਇਆਂ ਜਦੋਂ ਮਾਓ ਨੂੰ ਇਹ ਡਰ ਹੋਇਆ ਕਿ ਕਿਧਰੇ ਨੌਕਰਸ਼ਾਹੀ ਰਵੱਈਆ ਪਾਰਟੀ ਜਾਂ ਸਰਕਾਰ ਦੇ ਕੰਮਾਂ ਵਿਚ ਭਾਰੂ ਨਾ ਹੋ ਜਾਏ ਤਾਂ ਉਸਨੇ ਸਭਿਆਚਾਰਕ ਇਨਕਲਾਬ ਦਾ

ਨਾਅਰਾ ਦਿਤਾ। ਇਸ ਨਾਅਰੇ ਦਾ ਠੋਸ ਆਧਾਰ ਸੀ। ਇਸਨੇ ਆਪਣੇ ਮਿਥੇ ਹੋਏ ਨਿਸ਼ਾਨੇ ਵੀ ਬਹੁਤ ਹੱਦ ਤਕ ਪ੍ਰਾਪਤ ਕਰ ਲਏ ਪਰ ਜਦੋਂ ਮਾਓ ਨੇ ਇਸਦੇ ਐਕਸ਼ਨ ਨੂੰ ਕਾਬੂ ਤੋਂ ਬਾਹਰ ਜਾਂਦਾ ਮਹਿਸੂਸ ਕੀਤਾ ਤਾਂ ਇਹਦੇ ਠੱਲ ਪਾਉਣ ਦਾ ਫੈਸਲਾ ਵੀ ਲਿਆ ਅਤੇ ਕੁਝ ਪਾਲਸੀਆਂ ਵਿਚ ਤਰਮੀਮਾਂ ਵੀ ਕੀਤੀਆਂ। ਇਹ ਸਭ ਕੁਝ ਚੀਨ ਦੇ ਇਤਿਹਾਸ ਦਾ ਹਿੱਸਾ ਬਣ ਚੁਕਿਆ ਹੈ। ਮਾਓ ਚੀਨ ਦੀ ਕਮਿਊਨਿਸਟ ਪਾਰਟੀ ਦਾ ਲੀਡਰ ਸੀ ਪਰ ਉਹ ਪਾਰਟੀ ਤੋਂ ਵੱਖਰਾ ਨਹੀਂ ਸੀ ਅਤੇ ਇਹ ਪਾਰਟੀ ਉਹ ਸੀ ਜਿਹੜੀ ਚੀਨ ਦੇ ਇਨਕਲਾਬ ਦੀ ਜ਼ਿੰਮੇਵਾਰ ਸੀ ਅਤੇ ਜੀਹਦੀ ਅਗਵਾਈ ਥੱਲੇ ਚੀਨ ਇਕ ਪੱਛੜੇ ਹੋਏ ਦੇਸ਼ ਤੋਂ ਇਕ ਵੱਡੀ ਆਧੁਨਿਕ ਤਾਕਤ ਬਣਨ ਵਿਚ ਕਾਮਯਾਬ ਹੋਇਆ। ਇਨਕਲਾਬ ਦੇ ਮੁੱਢਲੇ ਸਾਲਾਂ ਵਿਚ ਜਦੋਂ ਕੌਮ ਸੋਸ਼ਲਿਸਟ ਉਸਾਰੀ ਵਿਚ ਲੱਗੀ ਹੋਈ ਸੀ ਤਾਂ ਹਰ ਖੇਤਰ ਵਿਚ ਪਾਰਟੀ ਦੀ ਅਗਵਾਈ ਅਤੇ ਦਖਲ ਅੰਦਾਜ਼ੀ ਦੀ ਲੋੜ ਸੀ ਤੇ ਇਹਨਾਂ ਖੇਤਰਾਂ ਵਿਚ ਉਹ ਖੇਤਰ ਵੀ ਆਂਦੇ ਸਨ ਜੋ ਆਮ ਤੌਰ ਤੇ ਲੋਕਾਂ ਦੇ ਨਿੱਜੀ ਮਾਮਲੇ ਗਿਣੇ ਜਾਂਦੇ ਹਨ। ਜਗੀਰ-ਦਾਰੀ ਕਦਰਾਂ ਕੀਮਤਾਂ ਤੋਂ ਕੌਮ ਨੂੰ ਕੱਢਣ ਵਾਸਤੇ ਸ਼ਕਤੀਸ਼ਾਲੀ ਮੁਹਿੰਮਾਂ ਚਲਾਣੀਆਂ ਪਈਆਂ। ਕਪੜਾ ਕਿਹੋ ਜਿਹਾ ਪਾਇਆ ਜਾਏ ਜਾਂ ਨਾ ਪਾਇਆ ਜਾਏ ਇਸ ਬਾਰੇ ਵੀ ਹਦੈਤਾਂ ਜਾਰੀ ਕੀਤੀਆਂ ਗਈਆਂ। ਛੋਟੇ ਅਤੇ ਵੱਡੇ ਦੇ ਦਰਮਿਆਨ ਵਿਤਕਰਾ ਖਤਮ ਕਰਨ ਲਈ ਇਕੋ ਜਿਹਾ ਰੂੰ ਵਾਲਾ ਜੈਕਟ (Padded Jacket) ਪਾਉਣ ਦਾ ਨਾਅਰਾ ਦਿਤਾ ਗਿਆ। ਔਰਤ ਇਕ ਸੱਜੀ ਹੋਈ ਗੁਡੀ ਵਾਕੁਨ ਮਰਦ ਲਈ ਸਿਰਫ ਬਿਸਤਰੇ ਦਾ ਸ਼ਿੰਗਾਰ ਨਾ ਰਹੇ, ਸਗੋਂ ਜ਼ਿੰਦਗੀ ਦੀ ਬਰਾਬਰ ਦੀ ਸਾਥਨ ਹੋਵੇ ਅਤੇ ਇਹ ਨਿਸ਼ਾਨਾ ਪ੍ਰਾਪਤ ਕਰਨ ਲਈ ਮਾਓ ਨੇ ਇਹ ਨਾਅਰਾ ਦਿਤਾ ਕਿ ਔਰਤਾਂ ਲਿਪਸਟਿਕ ਜਾਂ ਸ਼ਿੰਗਾਰ ਦੀਆਂ ਚੀਜ਼ਾਂ ਦੀ ਵਰਤੋਂ ਨਾ ਕਰਨ। ਇਹ ਮਰਦਾਂ ਵਾਕੁਨ ਹੀ ਰੂੰ ਵਾਲੀਆਂ ਜੈਕਟਾਂ ਵਰਤਣ। ਉਸ ਵੇਲੇ ਪੱਛਮੀ ਮੁਲਕਾਂ ਦੀਆਂ ਅਖਬਾਰਾਂ ਵਿਚ ਆਲੋਚਨਾ ਹੋਈ ਕਿ ਮਾਓ ਔਰਤਾਂ ਨੂੰ ਉਸ ਸੋਹਣਪਤਾ ਜਾਂ ਵਿਸ਼ੇਸ਼ਤਾ ਤੋਂ ਵੀ ਵਾਂਜਿਆ ਕਰਨਾ ਚਾਹੁੰਦਾ ਹੈ ਜ ਕੁਦਰਤ ਨੇ ਔਰਤ ਨੂੰ ਗੋਲਾਈਆਂ ਵਾਲੇ ਸ਼ਰੀਰ ਦੀ ਸ਼ਕਲ ਵਿਚ ਦਿਤੀ ਹੋਈ ਹੈ ਪਰ ਮਾਓ ਦੀ ਸੋਚਣੀ ਪਿਛੇ ਔਰਤ ਅਤੇ ਮਰਦ ਦੀ ਸਮਾਜਕ ਬਰਾਬਰੀ ਦਾ ਇਕ ਫਲਸਫਾ ਸੀ ਅਤੇ ਅਮਲੀ ਕਦਮਾਂ ਨਾਲ ਇਸ ਫਲਸਫੇ ਤੇ ਫੁਲ ਚੜ੍ਹਾਏ ਗਏ। ਇਹ ਇਸ ਫਲਸਫੇ ਦੀ ਬਦੌਲਤ ਹੈ ਕਿ ਚੀਨ ਦੇ ਸਮਾਜ ਵਿਚ ਹੁਣ ਔਰਤ ਇਕ ਮੁੱਕਤ ਔਰਤ ਹੈ ਅਤੇ ਹੁਣ ਇਹ ਮੁੱਕਤ ਔਰਤ ਇਸ ਯੋਗ ਹੈ ਕਿ ਉਹ ਫੈਸਲਾ ਕਰੇ ਕਿ ਉਸਨੇ ਕੀ ਪਹਿਨਣਾ ਹੈ ਜਾਂ ਨਹੀਂ ਪਹਿਨਣਾ ਹੈ। ਇਹਨਾਂ ਦਿਨਾਂ ਵਿਚ ਅਖਬਾਰਾਂ ਵਿਚ ਖਬਰ ਆਈ ਹੈ ਅਤੇ ਅਮਰੀਕਾ ਅਤੇ ਕਨੇਡਾ ਦੀਆਂ ਅਖਬਾਰਾਂ ਵਿਚ ਇਹ ਖਬਰ ਵੱਡੀਆਂ ਸੁਰਖੀਆਂ ਥੱਲੇ ਦਿਤੀ ਗਈ ਹੈ ਕਿ ਸ਼ੰਘਾਈ ਵਿਚ ਇਕ ਫੈਸ਼ਨ ਪ੍ਰਦਰਸ਼ਨੀ ਹੋਈ, ਜਿਸ ਵਿਚ ਔਰਤ ਪੱਛਮੀ ਫੈਸ਼ਨ ਦੇ ਕਪੜਿਆਂ ਵਿਚ ਬੜੀ ਦਿਲਚਸਪੀ ਵਿਖਾਈ। ਟਿਪਣੀ ਇਹ ਸੀ ਕਿ ਚੀਨੀ ਔਰਤਾਂ ਹੁਣ ਉਹਨਾਂ ਭੱਦੀਆਂ ਜੈਕਟਾਂ ਤੋਂ ਛੁਟਕਾਰਾ ਪਾਉਣਾ ਚਾਹੁੰਦੀਆਂ ਹਨ ਜੋ ਉਹਨਾਂ ਨੂੰ ਮਾਓ ਨੇ ਪਵਾਈਆਂ ਸਨ। ਇਹ ਟਿਪਣੀ ਇਸ ਤਰ੍ਹਾਂ ਸੀ ਕਿ ਜਿਸਤੋਂ ਇਹ ਜ਼ਾਹਰ ਹੋਵੇ ਕਿ ਮਾਓ ਨੇ 30 ਸਾਲ ਚੀਨ ਦੀਆਂ ਔਰਤਾਂ ਨੂੰ ਉਹਨਾਂ ਰੂੰ ਵਾਲੀਆਂ ਜੈਕਟਾਂ ਵਿਚ ਕੈਦ ਰਖਿਆ ਸੀ ਤੇ ਹੁਣ ਉਹਨਾਂ ਨੂੰ ਮਸਾਂ ਮਸਾਂ ਨਿਜਾਤ ਮਿਲੀ ਹੈ। ਇਸ ਟਿਪਣੀ ਪਿਛੇ ਇਕ ਸ਼ਰਾਰਤ ਹੈ ਕਿ ਉਸ ਫਲਸਫੇ ਤੋਂ ਲੋਕਾਂ ਨੂੰ ਮੁਨਕਰ ਕੀਤਾ ਜਾਏ ਜਿਸਨੇ ਉਹਨਾਂ ਨੂੰ ਇਸ ਯੋਗ ਬਣਾਇਆ ਕਿ ਉਹ ਜ਼ਿੰਦਗੀ ਦੀਆਂ ਸਰਗਰਮੀਆਂ ਵਿਚ ਬਰਾਬਰ ਦਾ ਹਿੱਸਾ ਪਾ ਸਕਣ। ਸਾਮਰਾਜੀਆਂ ਦੀ ਇਹ ਚਾਲ ਹੈ ਕਿ ਮਾਓ ਦੇ ਨਾਂ ਅਤੇ ਫਲਸਫੇ ਨੂੰ ਖਤਮ ਕੀਤਾ ਜਾਏ ਕਿਉਂਕਿ ਇਹ ਫਲਸਫਾ ਹੀ ਇਕ ਐਸਾ ਹਥਿਆਰ ਹੈ ਜਿਸ ਨਾਲ ਦੁਨੀਆਂ ਦੇ ਦੱਬੇ ਕੁਚਲੇ ਲੋਕਾਂ ਨੇ ਆਪਣੀ ਮੁਕਤੀ ਹਾਸਲ ਕਰਨੀ ਹੈ। ਉਹਨਾਂ ਦੇ ਇਸ ਕੰਮ ਵਿਚ ਕਥਿਤ ਮਾਓਵਾਦੀ ਵੀ ਹਿੱਸਾ ਪਾਂਦੇ ਹਨ। ਜਦੋਂ ਚੀਨ ਵਿਚ ਵਾਪਰੀ ਹਰ ਇਸ ਕਿਸਮ ਦੀ ਘਟਨਾ ਉਤੇ ਇਹ ਟਿਪਣੀ ਦੇ ਦੇਂਦੇ ਹਨ ਕਿ ਹੁਣ ਦੀ ਚੀਨ ਦੀ ਕਮਿਊਨਿਸਟ ਪਾਰਟੀ ਮਾਓ ਵਿਚਾਰਧਾਰਾ ਨੂੰ ਛਿੱਕੇ ਟੰਗ ਰਹੀ ਹੈ। 1983 ਦੀ ਚੀਨ ਦੀ ਔਰਤ ਉਹ ਔਰਤ ਨਹੀਂ ਜੋ 1950 ਵਿਚ ਸੀ। ਉਹ ਹੁਣ ਇਸ ਯੋਗ ਹੈ ਕਿ ਆਜ਼ਾਦ ਤੌਰ ਤੇ ਫੈਸਲਾ ਲੈ ਸਕੇ। ਉਸਨੂੰ ਇਸ ਯੋਗ ਕਿਸਨੇ ਬਣਾਇਆ ? ਕਿਉਂ ਨਾ ਅਸੀਂ ਕਹੀਏ ਕਿ ਉਹ ਮਾਓ ਦੀ ਘਾਲਣਾ ਅਤੇ ਫਲਸਫੇ ਦੀ ਦੇਣ ਹੈ ਕਿ ਔਰਤ ਇਸ ਪੱਧਰ ਤੇ ਪਹੁੰਚੀ ਹੈ ਕਿ ਉਹ ਕੁਝ ਵੀ ਪਹਿਣੇ ਉਹਦੇ ਸਮਾਜ ਵਿਚ ਬਰਾਬਰੀ ਦੇ ਦਰਜੇ ਵਿਚ ਕੋਈ ਫਰਕ ਨਹੀਂ ਪੁੱਜਦਾ।

ਅਜ ਦੇ ਚੀਨ ਵਿਚ ਜੋ ਹੋ ਰਿਹਾ ਹੈ, ਉਸ ਦਾ ਵਿਸ਼ਲੇਸ਼ਣ ਕਰਨ ਦਾ ਸਹੀ ਇਕੋ ਤਰੀਕਾ ਹੈ ਕਿ ਉਸਨੂੰ ਅਜ ਦੇ ਹਾਲਾਤ ਵਿਚ ਖੜਾ ਕਰਕੇ ਵਿਸ਼ਲੇਸ਼ਣ ਕੀਤਾ ਜਾਏ ਕਿ ਉਹ ਕਿਹੜੀ ਜਮਾਤ ਦੇ ਹਿੱਤ ਵਿਚ ਹੈ ? ਉਹ ਉਸਾਰ ਇਨਕਲਾਬ ਦੇ ਹਿੱਤ ਵਿਚ ਹੈ ਜਾਂ ਨਹੀਂ ? ਉਸ ਨੂੰ ਮਾਓ ਵਿਚਾਰਧਾਰਾ ਨਾਲ ਖਲਤ ਮਲਤ ਕਰਕੇ ਇਸ ਨੂੰ ਧੁੰਦਲਾ ਨਾ ਹੋਣ ਦਿਤਾ ਜਾਏ। ਮੁਕਤੀ ਲਈ ਲੜਦੇ ਸੰਸਾਰ ਭਰ ਦੇ ਲੋਕਾਂ ਨੂੰ ਇਹਦੀ ਲੋੜ ਹੈ। o

## 4. ਫੌਜੀ ਹਕੂਮਤਾਂ

ਦੁਨੀਆ ਭਰ ਵਿਚ ਸਮੁੱਚੀ ਮਨੁੱਖਤਾ ਨੂੰ ਅਤੇ ਮਨੁੱਖੀ ਕਦਰਾਂ ਕੀਮਤਾਂ ਨੂੰ ਸਾਰਿਆਂ ਨਾਲੋਂ ਵਡੀ ਢਾਹ ਫੌਜੀ ਹਕੂਮਤਾਂ ਵੱਲੋਂ ਲਗਾਈ ਜਾ ਰਹੀ ਹੈ। ਅਮਰੀਕਾ ਵਿੱਚ ਆਇਆ ਹਰ ਕਿਸਮ ਦੀ ਅਖਬਾਰ ਪੜ੍ਹਣ ਦਾ ਮੌਕਾ ਮਿਲਿਆ ਹੈ ਜਿਸਦੇ ਨਾਲ ਦੁਨੀਯਾ ਦਾ ਨਕਸ਼ਾ ਇਕ ਦਮ ਅੱਗੇ ਆ ਜਾਂਦਾ ਹੈ ਅਤੇ ਪਤਾ ਲਗਦਾ ਹੈ ਕਿ ਸੰਸਾਰ ਦੀ ਹਰ ਨੁੱਕਰ ਵਿਚ ਤਾਨਾਸ਼ਾਹੀ ਰਾਜ ਚਲਾਏ ਜਾ ਰਹੇ ਹਨ। ਦਖਣੀ ਅਮਰੀਕਾ ਵਿਚ ਬਹੁਤ ਸਾਰੇ ਫੌਜੀ ਨਜ਼ਾਮ ਹਨ ਜਿਨ੍ਹਾਂ ਦੀ ਪਿੱਠ ਤੇ ਅਮਰੀਕਾ ਦੀ ਵਡੀ ਜਮਹੂਰੀਅਤ ਹੈ, ਜਿਹੜੀ ਇਹ ਦਾਅਵਾ ਕਰਦੀ ਹੈ ਕਿ ਉਹ ਲਿੰਕਨ ਅਤੇ ਜਾਫਰਸਨ ਵਰਗੇ ਅਧੁਨਿਕ ਜਮਹੂਰੀਅਤ ਦੇ ਫਲਸਫੇ ਦੇ ਜਨਮਦਾਤਿਆਂ ਦੇ ਨਕਸ਼ੇ ਕਦਮ ਤੇ ਚਲਦੀ ਹੈ। ਚਿਲੀ ਵਿਚ ਜਿਥੇ ਦਸ ਸਾਲ ਹੋਏ ਅਲੈਂਡੇ ਦੀ ਕਮਿਊਨਿਸਟ ਹਕੂਮਤ ਇਕ ਫੌਜੀ ਸਾਜ਼ਸ਼ ਨਾਲ ਉਲਟਾਈ ਗਈ ਸੀ, ਉਥੇ ਫੌਜੀ ਜਰਨੈਲ ਅਗਾਸ ਤੋਂ ਪਿਨੋਚਟ ਨੇ ਖੱਬੀ ਸੋਚ ਰਖਣ ਵਾਲੇ ਹਜ਼ਾਰਾਂ ਲੋਕਾਂ ਨੂੰ ਸ਼ਰੇਆਮ ਕਤਲ ਕੀਤਾ ਅਤੇ ਹੁਣ ਵੀ ਹਰ ਇਕ ਉਸ ਵਿਯਕਤੀ ਨੂੰ ਸਿੱਧਾ ਖਤਮ ਕੀਤਾ ਜਾਂਦਾ ਹੈ ਜੋ ਉਸ ਤਾਨਾਸ਼ਾਹੀ ਹਕੂਮਤ ਦੇ ਵਿਰੁਧ ਬੋਲਦਾ ਹੈ, ਪਰ ਫੇਰ ਵੀ ਲੋਕ ਅਪਣਾ ਸੰਘਰਸ਼ ਜਾਰੀ ਰਖ ਰਹੇ ਹਨ ਤੇ ਅਖਬਾਰਾਂ ਵਿਚ ਰੋਜ਼ ਕਿਸੇ ਨਾ ਕਿਸੇ ਵਖਾਵੇਂ ਦੀ ਖਬਰ ਹੁੰਦੀ ਹੈ ਕਿ ਕਿਨ੍ਹੇ ਹੀ ਬੰਦੇ ਜਿਨ੍ਹਾਂ ਵਿਚ ਬਹੁਤੀਆਂ ਹੁਣ ਔਰਤਾਂ ਹਨ ਗੋਲੀ ਨਾਲ ਉਡਾ ਦਿਤੇ ਗਏ ਹਨ। ਪਾਕਿਸਤਾਨ ਸਾਡਾ ਗਵਾਂਢ ਦਾ ਮੁਲਕ ਹੈ। ਉਸਦੇ ਟੈਲੀਵੀਜ਼ਨ ਪ੍ਰੋਗਰਾਮ ਸਾਡੇ ਲੋਕ ਬੜੇ ਚਾਅ ਨਾਲ ਵੇਖਦੇ ਹਨ ਅਤੇ ਅਪਣੇ ਟੀ. ਵੀ. ਦੇ ਪ੍ਰੋਗਰਾਮਾਂ ਦਾ ਉਹਨਾਂ ਨਾਲ ਮੁਕਾਬਲਾ ਵੀ ਕਰਦੇ ਹਨ। ਸਾਡੇ ਜਥੇ ਵੀ ਹਰ ਦੂਜੇ ਤੀਜੇ ਮਹੀਨੇ ਉਥੇ ਜਾਂਦੇ ਹਨ, ਪਰ ਪਾਕਿਸਤਾਨ ਵਿਚ ਫੌਜੀ ਜਰਨੈਲ ਦੇ ਰਾਜ ਵਿਚ ਜਮਹੂਰੀਅਤ ਪੰਸਦ ਲੋਕਾਂ ਤੇ ਕੀ ਜ਼ੁਲਮ ਹੁੰਦੇ ਹਨ, ਇਹਦਾ ਅੰਦਾਜ਼ਾ ਵੀ ਅਸੀਂ ਨਹੀਂ ਲਗਾ ਸਕਦੇ। ਫਖ਼ਰ ਜ਼ਮਾਨ ਦਾ ਨਾਵਲ 'ਬੰਦੀਵਾਨ' ਜਦੋਂ ਪੰਜਾਬੀ ਲਿੱਪੀ ਵਿਚ ਛਪਿਆ ਸੀ ਤਾਂ ਪਾਕਿਸਤਾਨ ਵਿਚ ਹੋ ਰਹੇ ਲੋਕਾਂ ਉਤੇ ਜ਼ੁਲਮਾਂ ਦੀ ਕੁਝ ਝੱਲਕ ਮਿਲ ਜਾਂਦੀ ਸੀ, ਪਰ ਇਸਦੇ ਇਕ ਭਿਆਨਕ ਤਸਵੀਰ ਇਕ ਪੈਂਫਲਿਟ ਵਿਚ ਮਿਲੀ ਹੈ ਜੋ ਅਮਰੀਕਾ ਵਿਚ ਵੱਸਦੇ ਪਾਕਿਸਤਾਨ ਲੋਕਾਂ ਵੱਲੋਂ ਬਣਾਏ ਪਾਕਿ-ਸਤਾਨੀ ਜਮਹੂਰੀ ਮਰਕਜ਼ ਵੱਲੋਂ ਛਾਪਿਆ ਗਿਆ ਹੈ। ਪਾਕਿਸਤਾਨ ਵਿਚ ਬੇਗਿਣਤ ਹੀ ਉਹ ਲੋਕ ਜਾਂ ਤਾਂ ਜਾਨੋਂ ਹੀ ਮਾਰ ਦਿਤੇ ਗਏ ਹਨ ਜਾਂ ਜੇਲ੍ਹਾਂ ਵਿਚ ਤਸੀਹੇ ਭੁਗਤ ਰਹੇ ਹਨ ਜਿਨ੍ਹਾਂ ਨੇ ਜ਼ਿਆ ਦੀ ਫੌਜੀ ਹਕੂਮਤ ਦੇ ਵਿਰੁਧ ਆਵਾਜ਼ ਉਠਾਈ ਜਾਂ ਜਿਹੜੇ ਚਾਹੁੰਦੇ ਹਨ ਕਿ ਪਾਕਿ-ਸਤਾਨ ਵਿਚ ਬਾਕਾਇਦਾ ਚੋਣਾਂ ਹੋਣ ਤੇ ਜਮਹੂਰੀ ਅਮਲ ਨਾਲ ਹਕੂਮਤ ਚੁਣੀ ਜਾਏ। ਇਹਨਾਂ ਵਿਚ ਵਿਦਿਆਰਥੀ, ਪ੍ਰੋਫੈਸਰ, ਅਖਬਾਰ ਨਵੀਸ, ਲੇਖਕ, ਵਕੀਲ, ਔਰਤਾਂ ਦੇ ਹੱਕਾਂ ਵਾਸਤੇ ਲੜਣ ਵਾਲੀਆਂ ਔਰਤਾਂ ਪਰ ਸਭ ਤੋਂ ਵੱਧ ਟਰੇਡ ਯੂਨੀਅਨ ਵਰਕਰ ਹਨ ਅਤੇ ਇਹ ਫੌਜੀ ਹਕੂਮਤ ਇਸਲਾਮ ਦੇ ਨਾਂ ਉਤੇ ਹੈ।

ਪੋਲੈਂਡ ਦੀਆਂ ਖਬਰਾਂ ਹਨ ਜਿਥੇ ਫੌਜੀ ਰਾਜ 'ਕਮਿਊਨਿਜ਼ਮ' ਨੂੰ ਬਚਾਉਣ ਲਈ ਚਲਾਇਆ ਜਾ ਰਿਹਾ ਹੈ। ਅਫਗਾਨਿਸਤਾਨ ਦੀਆਂ ਖਬਰਾਂ ਹਨ, ਜਿਥੇ ਫੌਜੀ ਰਾਜ ਇਨਕਲਾਬ ਨੂੰ ਬਚਾਉਣ ਵਾਸਤੇ ਚਲਾਇਆ ਜਾ ਰਿਹਾ ਹੈ। ਪਿਛਲੇ ਮਹੀਨੇ ਦੀ 'ਸਮਤਾ' ਵਿਚ ਇਕ ਰੀਪੋਰਟ ਅਪਣੇ ਦੇਸ਼ ਦੀ ਵੀ ਛਾਪੀ ਗਈ ਸੀ, ਜਿਸ ਵਿਚ ਸਿਆਸੀ ਕੈਦੀਆਂ ਦਾ ਜ਼ਿਕਰ ਕਰਦੇ ਹੋਏ, ਇਸ ਗਲ ਦਾ ਵੀ ਜ਼ਿਕਰ ਸੀ ਕਿ ਸਾਡੇ ਨੇਫਾ ਦੇ ਇਲਾਕੇ ਵਿਚ ਵੀ ਨੰਗੇ ਤਰੀਕੇ ਨਾਲ ਫੌਜੀ ਰਾਜ ਚਲਾਇਆ ਜਾ ਰਿਹਾ ਹੈ ਅਤੇ ਇਹ ਰਾਜ ਦੇਸ਼ ਦੀ ਏਕਤਾ' ਨੂੰ ਕਾਇਮ ਰਖਣ ਵਾਸਤੇ ਚਲਾਇਆ ਜਾ ਰਿਹਾ ਹੈ।

ਫੌਜੀ ਰਾਜ ਭਾਵੇਂ ਕਿਸੇ ਵੀ ਨਾਂ ਥੱਲੇ ਚਲਾਇਆ ਜਾਏ, ਉਹ ਹਮੇਸ਼ਾ ਜੱਬਰ ਦਾ ਰਾਜ ਹੈ, ਜਿਸ ਵਿਚ ਸਾਧਾਰਨ ਲੋਕਾਂ ਦੀ ਆਵਾਜ਼ ਨੂੰ ਬੰਦ ਕੀਤਾ ਜਾਏਗਾ। ਇਹ ਬੜੇ ਦੁੱਖ ਦੀ ਗੱਲ ਹੈ ਕਿ ਸੰਸਾਰ ਦੀ ਹਰ ਨੁੱਕਰ ਵਿਚ ਇਹ ਜ਼ੁਲਮ ਹੋ ਰਿਹਾ ਹੈ ਅਤੇ ਮਨੁੱਖਤਾ ਦੀ ਕੋਈ ਵੀ ਸਾਂਝੀ ਆਵਾਜ਼ ਇਸਦੇ ਵਿਰੁਧ ਨਹੀਂ ਉਠ ਰਹੀ। ਹਮਾਮ ਵਿਚ ਸਾਰੇ ਹੀ ਨੰਗੇ ਦੀ ਕਹਾਵਤ ਅਨੁਸਾਰ ਸਥਾਪਤ ਹਕੂਮਤਾਂ ਵੱਲੋਂ ਇਹ ਆਵਾਜ਼ ਨਹੀਂ ਉਠਨੀ। ਹਕੂਮਤ ਭਾਵੇਂ ਜਮਹੂਰੀਅਤ' ਦੇ ਨਾਂ ਉਤੇ ਚਲ ਰਹੀ ਹੈ, ਭਾਵੇਂ ਕਮਿਊਨਿਜ਼ਮ' ਦੇ ਨਾਂ ਥੱਲੇ ਚਲ ਰਹੀ ਹੈ, ਭਾਵੇਂ 'ਮਜ਼ਹਬ' ਦੇ ਨਾਂ ਥੱਲੇ ਹੈ ਤੇ ਭਾਵੇਂ 'ਅਹਿੰਸਾ' ਦੇ ਪੁਜਾਰੀਆ ਦੀ ਹੈ, ਵਿਸ਼ੇਸ਼ ਹਾਲਤਾਂ ਵਿਚ ਸਾਰਿਆਂ ਦਾ ਖਾਸ ਅਵਾਮ ਦੁਸ਼ਮਣ ਹੋ ਜਾਂਦਾ ਹੈ। ਐਮਨਸਟੀ ਇੰਟਰਨੈਸ਼ਨਲ (AMENSTY INTERNATION-AL) ਇਕ ਸੰਸਥਾ ਹੈ ਜੋ ਅਪਣੇ ਸੀਮਤ ਸਾਧਨਾ ਰਾਹੀਂ ਕੋਸ਼ਿਸ਼ ਕਰਦੀ ਹੈ ਕਿ ਉਹ ਜਾਣਕਾਰੀ ਹਾਸਿਲ ਕਰੇ ਕਿ ਵੱਖ ਵੱਖ ਮੁਲਕਾਂ ਵਿਚ ਤਾਨਾਸ਼ਾਹੀ ਕਿਸ ਤਰ੍ਹਾਂ, ਲੋਕਾਂ ਤੇ ਜ਼ੁਲਮ ਕਰ ਰਹੀ ਹੈ। ਦੁਨੀਆ ਭਰ ਦੇ ਸੂਝਵਾਨ ਲੋਕਾਂ ਨੂੰ ਫੌਜੀ ਤਾਨਾਸ਼ਾਹੀ ਹਕੂਮਤਾਂ ਦੇ ਖਿਲਾਫ ਸਾਂਝੀ ਆਵਾਜ਼ ਉਠਾਨੀ ਚਾਹੀਦੀ ਹੈ, ਤੀਜੀ ਸੰਸਾਰ ਜੰਗ ਦੇ ਵਿਰੁਧ ਲੋਕ ਰਾਏ ਲਾਮਬੰਦ ਕਰਨ ਵਾਸਤੇ ਜਿਸ ਤਰ੍ਹਾਂ ਸੰਸਾਰ ਭਰ ਵਿਚ ਅਮਨ ਮਾਰਚ ਕੀਤੇ ਗਏ ਹਨ, ਇਸ ਤਰ੍ਹਾਂ ਫੌਜੀ ਹਕੂਮਤਾਂ ਦੇ ਵਿਰੁਧ ਵੀ ਲੋਕ ਰਾਏ ਲਾਮਬੰਦ

ਹੋਣੀ ਚਾਹੀਦੀ ਹੈ। ਇਹ ਨਹੀਂ ਕਿ ਜਿਹੜੇ ਅਮਰੀਕਾ ਪੱਖੀ ਹਨ, ਉਹਨਾਂ ਨੂੰ ਉਸ ਵੇਲੇ ਤਾਂ ਬੜਾ ਰੋਹ ਚੜ੍ਹੇ ਜਦੋਂ ਰੂਸੀ ਫੌਜੀ ਬੂਟ ਅਫਗਾਨਿਸਤਾਨ ਤੇ ਚੜ੍ਹਾਈ ਕਰਦਾ ਹੈ, ਪਰ ਉਸ ਵੇਲੇ ਉਹਨਾਂ ਦੇ ਬੁਲ੍ਹ ਸੀਤੇ ਜਾਣ ਜਦੋਂ ਅਮਰੀਕਾ ਸਾਲਵਾ ਡੋਰ, ਚਿਲੀ, ਪੀਰੂ ਆਦਿਕ ਤੇ ਫੌਜੀ ਹਕੂਮਤਾਂ ਕਾਇਮ ਕਰਦਾ ਹੈ। ਪਾਕਿਸਤਾਨ ਵਿਚ ਹੋ ਰਹੇ ਅਤਿਆਚਾਰ ਸਾਨੂੰ ਦਿਸ ਪੈਣ ਪਰ ਨਾਗਾਲੈਂਡ, ਮਿਜ਼ੋਰਾਮ, ਅਰੁਨਾਚਲ ਨੂੰ ਲਤਾੜਦੇ ਹੋਏ ਅਪਣੇ ਫੌਜੀ ਬੂਟ ਭੁਲ ਜਾਣ। ਜਮਹੂਰੀ ਹੱਕਾਂ ਵਾਸਤੇ ਲੜਦੀਆਂ ਹੋਈਆਂ ਸਾਰੀਆਂ ਸੰਸਥਾਵਾਂ ਦਾ ਫਰਜ਼ ਬਣਦਾ ਹੈ ਕਿ ਉਹ ਨਿਰਪੱਖ ਨੀਤੀਆਂ ਨਾਲ ਮਨੁਖਤਾਂ ਦੀਆਂ ਕਦਰਾਂ ਕੀਮਤਾਂ ਦੀ ਰਾਖੀ ਕਰਨ।

o

## 5. ਲੋਕ-ਪੱਖੀ ਸਭਿਆਚਾਰ :

ਲੋਕ-ਪੱਖੀ ਸਭਿਆਚਾਰ ਦੀ ਸੰਸਾਰ ਭਰ ਵਿਚ ਆਪਣੀ ਇਕ ਸਾਂਝ ਹੈ। ਇਸਦੀ ਮਿਸਾਲ ਮੈਨੂੰ ਅਮਰੀਕਾ ਦੇ ਕਾਲੇ ਲੋਕਾਂ ਦੇ ਗੀਤਾਂ ਦੇ ਦੋ ਰੀਕਾਰਡਾਂ ਵਿਚ ਮਿਲੀ ਹੈ। ਰੀਕਾਰਡਾਂ ਦੇ ਗੀਤਾਂ ਦਾ ਅਨੁਵਾਦ ਹੈ WHAT IS TO BE DONE (ਕੀ ਕਰਨਾ ਲੋੜੀਦੇ) ਅਤੇ EVERY BODY'S GOT A RIGHT TO LIVE (ਹਰ ਇਕ ਨੂੰ ਜੀਣ ਦਾ ਹੱਕ ਹੈ)। ਇਕ ਰੀਕਾਰਡ ਦੇ ਜੈਕਟ (ਲਿਫ਼ਾਫੇ) ਤੇ ਜੋ ਸ਼ਬਦ ਲਿਖੇ ਹਨ, ਉਹਨਾਂ ਦਾ ਪੰਜਾਬੀ ਅਨੁਵਾਦ ਕੁਝ ਇਸ ਤਰ੍ਹਾਂ ਹੈ :

'ਅਸੀਂ ਜਦੋਂ ਮੂੰਹ ਖੋਲ੍ਹਦੇ ਹਾਂ ਤਾਂ ਕੁਝ ਊਲ਼ਜਲੂਲ ਬਕਣ ਲਈ ਨਹੀਂ ਖੋਲ੍ਹਦੇ।
ਅਸੀਂ ਜਦੋਂ ਮੂੰਹ ਖੋਲ੍ਹਦੇ ਹਾਂ ਤਾਂ ਆਪਣੀ ਧਰਤੀ ਦੇ ਗੀਤ ਗਾਉਣ ਲਈ ਖੋਲ੍ਹਦੇ ਹਾਂ।
ਉਹਨਾਂ ਗੀਤਾਂ ਵਿਚ ਸਾਡੇ ਲੋਕਾਂ ਦੀਆਂ ਖੁਸ਼ੀਆਂ ਹਨ, ਗ਼ਮੀਆਂ ਹਨ, ਸਾਡੀ ਮਿੱਟੀ ਦੀ ਖੁਸ਼ਬੂ ਹੈ।'

ਗੀਤ ਗਾਉਣ ਵਾਲੇ ਆਪਣੇ ਬਾਰੇ ਭੂਮਿਕਾ ਵਿਚ ਲਿਖਦੇ ਹਨ :

'ਅਸੀਂ ਇਕ ਛੋਟੇ ਜਿਹੇ ਟਾਪੂ ਵਿਚ ਰਹਿੰਦੇ ਹਾਂ, ਜਿਸ ਦਾ ਨਾਂ ਹੈਤੀ ਹੈ। ਅਸੀਂ ਕਾਲੇ ਹਾਂ, ਪਰ ਸਾਨੂੰ ਇਸ ਵਿਚ ਕੋਈ ਸ਼ਰਮ ਨਹੀਂ। ਸਾਡੀ ਆਪਣੀ ਜ਼ਬਾਨ, ਹੈ। ਸਾਡੇ ਤੇ ਇਕ ਜਾਬਰ ਡਿਕਟੇਟਰ ਹਕੂਮਤ ਕਰ ਰਿਹਾ ਹੈ, ਜਿਸ ਨੂੰ ਅਮਰੀਕਾ ਦੇ ਚਿੱਟੇ ਲੋਕਾਂ ਦੀ ਸ਼ਹਿ ਹੈ। ਉਹਦੀ ਮਦਦ ਨਾਲ ਉਹਨਾਂ ਨੇ ਸਾਡੀ ਮੇਹਨਤ ਲੁਟਣ ਲਈ ਇਕ ਨਿਜ਼ਾਮ ਕਾਇਮ ਕੀਤਾ ਹੋਇਆ ਹੈ। ਉਹਨਾਂ ਦਾ ਪਹਿਲਾ ਨਿਸ਼ਾਨਾ ਹੈ ਕਿ ਸਾਡਾ ਸਭਿਆਚਾਰ ਖਤਮ ਕਰਨਾ। ਉਹ ਆਪਣਾ ਜਾਜ਼ ਸੰਗੀਤ ਅਤੇ ਰੋਕ ਐਂਡ ਰੋਲ ਸੰਗੀਤ ਲੈ ਕੇ ਆਏ ਹਨ। ਉਹਨਾਂ ਸਾਡੇ ਨੌਜਵਾਨਾਂ ਨੂੰ ਆਪਣੀ ਧਰਤੀ ਤੋਂ ਉਖਾੜਣ ਲਈ ਹਰ ਇਕ ਸਾਧਨ ਵਰਤਿਆ ਹੈ। ਉਹ ਚਾਹੁੰਦੇ ਹਨ ਕਿ ਅਸੀਂ ਉਹ ਗੀਤ ਗਾਵੀਏ ਜਿਸ ਵਿਚ ਸਿਰਫ ਸਾਡੇ ਫੁਲਾਂ ਦੀ ਗੱਲ ਹੋਵੇ। ਇਸ ਵਿਚ ਗਲ ਹੋਵੇ ਕਿ ਅਸੀਂ ਐਸੇ ਟਾਪੂ ਵਿਚ ਰਹਿੰਦੇ ਹਾਂ, ਜਿਸ ਵਿਚ ਕੁਦਰਤੀ ਨਜ਼ਾਰੇ ਬੜੇ ਸੋਹਣੇ ਹਨ, ਪਰ ਅਸੀਂ ਲੋਕ ਸੰਪਰਕ ਵਿਭਾਗ ਦੇ ਗੀਤਕਾਰ ਨਹੀਂ ਹਾਂ, ਜਿਨ੍ਹਾਂ ਦੀ ਮਜਬੂਰੀ ਜਾਂ ਨਿਸ਼ਾਨਾ ਇਹ ਹੋਵੇ ਕਿ ਉਹਨਾਂ ਨੇ ਦੂਜੇ ਮੁਲਕਾਂ ਤੋਂ ਅਮੀਰ ਸੈਲਾਨੀ (TOURISTS) ਖਿਚਣੇ ਹਨ, ਜਿਨ੍ਹਾਂ ਨੇ ਸਾਡੇ ਟਾਪੂ ਤੇ ਆ ਕੇ ਅਯਾਸ਼ੀ ਕਰਨੀ ਹੈ। ਉਹ ਚਾਹੁੰਦੇ ਹਨ ਕਿ ਅਸੀਂ ਉਹ ਆਪਣੇ ਪਰੰਪਰਾਗਤ ਗੀਤ ਗਾਈਏ, ਜਿਨ੍ਹਾਂ ਵਿਚ ਸਾਡੇ ਬਜ਼ੁਰਗਾਂ ਦੇ ਵੇਲੇ ਦੇ ਵਹਿਮ, ਜਹਾਲਤ, ਜਾਦੂ ਟੂਣਿਆਂ ਦਾ ਜ਼ਿਕਰ ਹੋਵੇ ਪਰ ਅਸੀਂ ਜਾਣ ਗਏ ਹਾਂ ਕਿ ਅਸੀਂ ਕਿਹੜੇ ਗੀਤ ਗਾਉਣੇ ਹਨ। ਅਸੀਂ ਆਪਣੇ ਬਜ਼ੁਰਗਾਂ ਦੇ ਗੀਤਾਂ ਵਿਚ ਉਹ ਲਵਾਂਗੇ, ਜਿਨ੍ਹਾਂ ਵਿਚ ਸੂਰਮਾਗਤੀ ਸੀ ਕਿ ਉਹ ਆਪਣੇ ਦੁਸ਼ਮਣਾਂ ਨਾਲ ਲੜੇ ਸਨ। ਅਸੀਂ ਆਪਣੇ ਭਵਿਖ ਲਈ ਗੀਤ ਗਾਵਾਂਗੇ। ਐਸੇ ਗੀਤ ਜਿਨ੍ਹਾਂ ਵਿਚ ਵਿਸ਼ਵਾਸ ਹੋਵੇਗਾ ਕਿ ਅਸੀਂ ਐਸਾ ਨਿਜ਼ਾਮ ਬਣਾਵਾਂਗੇ ਜਦੋਂ ਅਸੀਂ ਆਪਣੀ ਤਕਦੀਰ ਦੇ ਆਪ ਮਾਲਕ ਹੋਵਾਂਗੇ ਤੇ ਸਾਡੀ ਮੇਹਨਤ ਨੂੰ ਕੋਈ ਵੀ ਨਹੀਂ ਲੁੱਟ ਸਕੇਗਾ।'

ਇਹ ਗੀਤ ਕੀ ਹਨ, ਇਹਨਾਂ ਦੀਆਂ ਕੁਝ ਵੰਨਗੀਆਂ ਥੱਲੇ ਦਿਤੀਆਂ ਜਾ ਰਹੀਆਂ ਹਨ :

### 1. ਕਾਮਰੇਡ

ਸਾਥੀਓ ਉਠੋ—ਤਿਆਰੀਆਂ ਕਰੋ
ਸਮਾਂ ਆ ਗਿਆ ਹੈ, ਸੜਕ ਤੇ ਆਓ
ਹੱਥ ਨਾਲ ਹੱਥ ਜੋੜ ਕੇ
ਬਾਹਵਾਂ ਵਿਚ ਬਾਹਵਾਂ ਪਾ ਕੇ
ਇਕ ਏਕਤਾ ਦੀ ਐਸੀ ਜ਼ੰਜੀਰ ਬਣਾਓ
ਜੋ ਸਾਡੀਆਂ ਸਾਰੀਆਂ ਜ਼ੰਜੀਰਾਂ ਤੋੜ ਸਕੇ
ਆਓ ਤੁਰੀਏ, ਤੁਰਨ ਲਈ ਬਿੱਗਲ ਵਜ ਗਿਆ ਹੈ।

### 2. ਕੀ ਕਰਨਾ ਲੋੜੀਦੈ

ਸਮਾਂ ਗੁਜ਼ਰ ਰਿਹੈ
ਹੈਤੀ ਸਾਡਾ ਦੇਸ਼ ਪਿਛੇ ਜਾ ਰਿਹਾ ਹੈ
ਧਰਤੀ ਤੇ ਸੋਕਾ ਹੈ, ਬੱਚੇ ਭੁਖੇ ਮਰ ਰਹੇ ਹਨ,
ਅਨਿਆ ਹੈ, ਵਡੇ ਛੋਟੇ ਨੂੰ ਖਾ ਰਹੇ ਹਨ।
ਇਹ ਸਾਡੀ ਧਰਤੀ ਹੈ
ਇਹਦੇ ਬਾਰੇ ਸਾਨੂੰ ਕੁਝ ਕਹਿਣਾ ਚਾਹੀਦਾ ਹੈ

ਕੁਝ ਕਰਨਾ ਚਾਹੀਦਾ ਹੈ
ਅਸੀਂ ਅੱਗ ਦੇ ਮੁਕਬਲਾ ਅੱਗ ਨਾਲ ਕਰਨਾ ਹੈ
ਸਾਡੇ ਦੇਸ਼ ਦਾ ਭਵਿਖ ਸਾਡੇ ਤੇ ਨਿਰਭਰ ਹੈ
ਕੋਈ ਬਾਹਰੋਂ ਆ ਕੇ ਸਾਡੇ ਲਈ ਨਹੀਂ ਕਰੇਗਾ
ਇਹ ਸਾਡੀ ਧਰਤੀ ਹੈ,
ਅਸੀਂ ਇਸ ਨੂੰ ਆਪਣੇ ਲਹੂ ਪਸੀਨੇ ਨਾਲ ਸਿੰਜਣਾ ਹੈ,
ਜੋ ਕੁਝ ਗਲਤ ਹੈ, ਅਸੀਂ ਠੀਕ ਕਰਨਾ ਹੈ।
ਫੇਰ ਕੀ ਕਰਨਾ ਲੋੜੀਦੈ ? ਇਨਕਲਾਬ।
ਇਨਕਲਾਬ ਤੇ ਹੀ ਤਾਂ ਸਭ ਕੁਝ ਨਿਰਭਰ ਹੈ
ਪਰ ਇਹ ਇਨਕਲਾਬ ਕਰੇਗਾ ਕੌਣ ? ਲੋਕ।
ਪਰ ਇਹ ਲੋਕ ਕੌਣ ਨੇ ? ਮਜ਼ਦੂਰ।
ਹੋਰ ਕੌਣ ? ਕਿਸਾਨ।
ਹੋਰ ਕੌਣ ?
ਸਾਰੇ ਉਹ ਲੋਕ ਜਿਨ੍ਹਾਂ ਵਿਚ ਜ਼ਮੀਰ ਹੈ
ਹਾਂ ਅਸੀਂ ਸਾਰੇ।
ਕਿਉਂਕਿ ਇਨਕਲਾਬ ਨੇ ਹੀ ਸਾਨੂੰ ਮੁਕਤੀ ਦੇਣੀ ਹੈ,
ਅਸੀਂ ਸਾਰਿਆਂ ਇਕਠਿਆਂ ਤੁਰਨਾ ਹੈ
ਇਕ ਦੂਸਰੇ ਦੀਆਂ ਅੱਖਾਂ ਵਿਚ ਅੱਖਾਂ ਪਾਣੀਆਂ ਹਨ
ਕਦਮ ਨਾਲ ਕਦਮ ਜੋੜਨੇ ਹਨ,
ਇਸ ਵਿਚ ਹਿਚਕਚਾਹਟ ਕਾਹਦੀ ?

### 3. ਹਰ ਇਕ ਨੂੰ ਜੀਣ ਦਾ ਹੱਕ ਹੈ

ਹਰ ਇਕ ਦਾ ਹੱਕ ਹੈ ਕਿ ਉਹ ਜੀਵੇ
ਅਸੀਂ ਜੀਣਾ ਚਾਹੁੰਦੇ ਹਾਂ
ਅਸੀਂ ਇਸ ਧਰਤੀ ਤੇ ਨਰਮਾ ਬੀਜਿਆ
ਇਸ ਧਰਤੀ ਤੇ ਤੇਲ ਦੇ ਖੂਹ ਖੋਦੇ
ਤੇਲ ਲਈ ਪਾਈਪ ਲਾਈਨਾਂ ਵਿਛਾਈਆਂ
ਇਸ ਧਰਤੀ ਤੇ ਜੋ ਕੁਝ ਖਲੋਤਾ ਹੈ
ਸਾਡੀ ਮੇਹਨਤ ਤੇ ਖਲੋਤਾ
ਅਸੀਂ ਆਪਣੇ ਹਿੱਸੇ ਦੀ ਚਾਂਦੀ ਮੰਗਦੇ ਹਾਂ
ਅਸੀਂ ਆਪਣੇ ਹਿੱਸੇ ਦਾ ਸੋਨਾ ਮੰਗਦੇ ਹਾਂ
ਅਸੀਂ ਆਪਣੇ ਹਿੱਸੇ ਦਾ ਇਨਸਾਫ਼ ਮੰਗਦੇ ਹਾਂ
ਸਾਡਾ ਵੀ ਜੀਣ ਦਾ ਹੱਕ ਹੈ
ਅਸੀਂ ਉਹ ਹੱਕ ਮੰਗਦੇ ਹਾਂ
ਅਸੀਂ ਜੀਣਾ ਮੰਗਦੇ ਹਾਂ
ਹਰ ਇਕ ਦਾ ਜੀਣ ਦਾ ਹੱਕ ਹੈ।

o

ਸੰਸਾਰ ਭਰਦੇ ਇਨਕਲਾਬੀ ਗੀਤਾਂ ਦੀ ਸਾਂਝ ਸਾਡੇ ਲਈ ਮਾਨ ਵਾਲੀ ਗੱਲ ਹੈ o

### 6. ਇਕ ਯਥਾਰਥ :

ਇੰਗਲੈਂਡ ਦੀ ਜ਼ਿੰਦਗੀ ਵਿਚ ਪੀ.ਯੂ.ਬੀ.ਐਸ. (ਸੜਕਾਂ ਤੇ ਬਣੇ ਸ਼ਰਾਬਖਾਨੇ) ਬੜੀ ਵਿਸ਼ੇਸ਼ ਥਾਂ ਰੱਖਦੇ ਹਨ। ਦੇਰ ਰਾਤ ਤਕ ਯਾਰ ਦੋਸਤ ਇਥੇ ਅਪਣਾ ਥਕੇਵਾਂ ਤੇ ਅਕੇਵਾਂ ਦੂਰ ਕਰਦੇ ਰਹਿੰਦੇ ਹਨ। ਮਹਿਫਲ ਵਿਚ ਸ਼ਰਾਬ ਜਾਂ ਵਿਸ਼ੇਸ਼ ਸ਼ਰਾਬ ਦੀ ਮਹਿਫਲ ਇਥੇ ਵੱਸਦੇ ਹਿੰਦੋਸਤਾਨੀਆਂ ਅਤੇ ਖਾਸ ਕਰਕੇ ਪੰਜਾਬੀਆਂ ਦੀ ਜ਼ਿੰਦਗੀ ਦਾ ਇਕ ਹਿੱਸਾ ਬਣ ਚੁੱਕੀ ਹੈ। ਕਿਹਾ ਜਾਂਦਾ ਹੈ ਕਿ ਜਿਹੜੀ ਖਿਲਾਅ ਅਤੇ ਖਿਚਾਅ ਵਾਲੀ ਜ਼ਿੰਦਗੀ ਇਥੇ ਬਿਤਾਨੀ ਪੈਂਦੀ ਹੈ, ਉਹਨਾਂ ਨੂੰ ਦੂਰ ਕਰਨ ਦਾ ਇਹ ਤਰੀਕਾ ਹੈ। ਵੈਸੇ ਅਸਲੀਅਤ ਇਹ ਹੈ ਕਿ ਮਰਦ ਮੈਂਬਰੇ ਆਪਣਾ ਖਿਚਾਅ ਜਾਂ ਖਿਲਾਅ ਦੂਰ ਕਰਦੇ ਕਰਦੇ ਘਰ ਦੀਆਂ ਔਰਤਾਂ ਨੂੰ ਜ਼ਰੂਰ ਸੂਲੀ ਤੇ ਟੰਗੀ ਰਖਦੇ ਹਨ, ਜੋ ਵਿਚਾਰੀਆਂ ਇੰਗਲੈਂਡ ਆਕੇ ਵੀ ਹਾਲੇ 'ਪਤੀ ਨੂੰ ਉਡੀਕੇ ਬਿਨਾਂ ਖ਼ਾਣਾ ਨਹੀਂ' ਜਾਂ 'ਪਤੀ ਦੀ ਉਡੀਕ ਵਿਚ ਬੂਹੇ ਖਲੋਤੇ ਰਹਿਣਾ' ਵਾਲੀਆਂ ਆਦਤਾਂ ਨੂੰ ਨਹੀਂ ਛੱਡ ਸਕੀਆਂ। ਮਰਦ ਉਹਨਾਂ ਦੀ ਇਸ ਆਦਤ ਬਾਰੇ ਟਿਪਣੀ ਕਰਦਿਆਂ ਆਮ ਤੌਰ ਤੇ ਕਹਿ ਦੇਂਦੇ ਹਨ "ਇਹ ਕਮਲੀਆਂ ਹਨ" ਪਰ ਦਿਲੋਂ ਉਹਨਾਂ ਦੇ ਇਸ ਕਮਲ ਤੇ ਖੁਸ਼ ਵੀ ਹਨ ਅਤੇ ਮਾਨ ਨਾਲ ਕਹਿੰਦੇ ਹਨ ਕਿ ਉਹ 'ਗੋਰੀਆਂ' ਵਾਕੁਨ ਨਹੀਂ। ਆਪਣੇ ਨਾਟਕ ਦੌਰੇ ਦੇ ਦਰਮਿਆਨ ਸਾਨੂੰ ਬਹੁਤ ਸਾਰੇ ਪੰਜਾਬੀ ਘਰਾਂ ਵਿਚ ਜਾਣ ਦਾ ਮੌਕਾ ਮਿਲਿਆ ਹੈ। ਔਰਤਾਂ ਨੇ ਆਪਣਾ ਦੁੱਖ ਸਾਡੀ ਨਾਟਕ ਟੋਲੀ ਦੇ ਇਸਤਰੀ ਮੈਂਬਰਾਂ ਨਾਲ ਸਾਝਾ ਕੀਤਾ ਹੈ ਜੋ ਘਰਾਂ ਦੀ ਖੁਸ਼ੀ ਵਿਚ ਵਿਘਣ ਪੈਂਦਾ ਹੈ। ਇੰਗਲੈਂਡ ਵਿਚ ਵਸਦੇ ਪੰਜਾਬੀ ਲੇਖਕਾਂ ਵੱਲੋਂ ਲਿਖੀਆਂ ਬਹੁਤ ਸਾਰੀਆਂ ਕਹਾਣੀਆਂ ਵਿਚ ਇਹਦਾ ਜ਼ਿਕਰ ਆਂਦਾ ਹੈ। ਹਰਜੀਤ ਅਟਵਾਲ, ਜਿਸਦਾ ਹੁਣੇ ਹੁਣੇ ਇਕ ਕਹਾਣੀ ਸੰਗ੍ਰਹਿ 'ਕਾਲਾ ਲਹੂ' ਛਪਿਆ ਹੈ, ਉਹਦੀ ਇਕ ਕਹਾਣੀ 'ਬਰਫ ਤੇ ਮੋਮ' ਇਸ ਯਥਾਰਥ ਨੂੰ ਪੇਸ਼ ਕਰਦੀ ਹੈ। ਇਸ ਕਹਾਣੀ ਦੇ ਪਾਤਰ ਹਨ, ਇਕ ਕੁੜੀ, ਉਹਦਾ ਭਰਾ, 'ਉਹਦਾ ਪਤੀ' ਕੁੜੀ ਦਾ ਪਤੀ ਦੇਰ ਰਾਤ ਤਕ ਘਰ ਨਹੀਂ ਆਇਆ, ਉਹ ਇਥੇ ਵਸਦੇ ਹੀ ਆਪਣੇ ਭਰਾ ਨੂੰ ਟੈਲੀਫ਼ੂਨ ਕਰਦੀ ਹੈ ਅਤੇ ਸ਼ਿਕਾਇਤ ਕਰਦੀ ਹੈ। ਭਰਾ ਦਾ ਪਹਿਲਾ ਪ੍ਰਤੀਕਰਮ—"ਏਹਨੂੰ ਵੇਹਲੇ ਫਿਰਦੇ ਨੂੰ ਇੰਗਲੈਂਡ ਵਾੜ ਤਾ, ਸੋਨੇ ਅਰਗੀ ਟੀਚਰ ਲੱਗੀ ਕੁੜੀ ਦੇਤੀ—ਹੁਣ ਸਾਲਾ ਅਵਾਰਾ ਤੁਰਿਐ ਫਿਰਦੈ...ਰਾਤਾਂ ਨੂੰ ਘਰੇ ਨਹੀਂ ਮੁੜਦਾ, ਕਸਮ ਨਾ ਮੈਂ ਸਾਲੇ ਦੀ ਧੌਣ ਕਲਮ ਕਰਦੂੰ, ਭਮਾਂ ਚਾਰ ਸਾਲ ਅੰਦਰ ਰਹਿ 'ਜਾਂ।" ਭਰਾ, ਭੈਣ ਦੇ ਘਰ ਪੁੱਜਦਾ ਹੈ। ਉਸ ਵੇਲੇ ਤਕ ਭੈਣ ਦਾ ਘਰ ਵਾਲਾ ਵੀ ਪੁੱਜ ਚੁੱਕਾ ਹੈ। ਮੁਕੱਦਮਾ ਸ਼ੁਰੂ ਹੁੰਦਾ ਹੈ।

—ਬਾਈ,...ਮੇਰੀ ਕਦੇ ਕਿਅਰ ਨਹੀਂ ਕਰਦੇ, ਅੱਧੀ ਅੱਧੀ ਰਾਤੀਂ ਘਰੇ ਮੁੜਦੇ ਨੇ, ਪਤਾ ਨਹੀਂ ਕਿਥੇ

ਕਿਥੇ ਖੇਹ ਖਾਂਦੇ ਰਹਿੰਦੇ ਨੇ .'ਉਹੋ ਜਿਹੇ ਫਰੈਂਡ ਰਖੇ ਹੋਏ ਨੇ, ਮੈਂ ਤਾਂ ਜਿਮੇਂ ਰੋਟੀਆਂ ਪਕੌਣ ਲਈ ਨੂਕਰਾਣੀ ਹੋਮਾਂ...।

—ਭਾਈ ਫਰੈਂਡ ਮੇਰੇ ਤੇਰੇ ਤੋਂ ਕੋਈ ਬਾਹਰੇ'ਨੀਂ ...ਟੋਨੀ, ਦਿਆਲਾ, ਮਾਈਕਲ ਇਹਨਾਂ ਸਾਰਿਆਂ ਨੂੰ ਜਾਣਦਾ ਐਂ.. ਰਾਤ ਨੂੰ ਸਾਢੇ ਦਸ-ਗਿਆਰਾਂ ਵਜੇ ਪੱਬ ਬੰਦ ਹੁੰਦੇ ਈ ਮੈਂ ਆ ਜਾਨਾ ਵਾਂ...ਹੁਣ ਇਹਨੂੰ ਪੁੱਛ, ਭਲਾ ਕਿਹੜੀ ਕਿਅਰ ਨੀਂ ਕਰਦਾ ?...ਸਾਰਾ ਪੇਅ ਪੈਕਟ ਲਿਆ ਕੇ ਦਿੰਨਾਂ ਵਾਂ, ਕਦੀ ਖਾਣ ਪੀਣ, ਆਉਣ ਜਾਣ ਤੋਂ ਨੀਂ ਰੋਕਦਾ...ਹੋਰ ਦੱਸ ਕੀ ਕਰਾਂ.. ਅਸਲ 'ਚ ਗੱਲ ਇਹ ਆ ਬਾਈ ..ਕਿ ਤੇਰੀ ਭੈਣ ਟੀਚਰ ਐ ਤੇ ਮੈਂ ਫੈਕਟਰੀ ਵਰਕਰ.. ।

—ਬਿਲਕੁਲ ਝੂਠ'''ਬਾਈ ਇਹ ਝੂਠ ਬੋਲਦੇ ਨੇ . ਮੈਂ ਤਾਂ ਇਹ ਕਦੀ ਸੋਚ ਵੀ ਨੀਂ ਸਕਦੀ ..ਇਹ ਮੈਨੂੰ ਹਿਊਮਨ-ਬੀਇੰਗ ਸਮਝਦੇ ਈ ਕਦੋਂ ਆ—ਅਧੀ ਰਾਤ ਨੂੰ ਡਰੰਕ ਹੋ ਕੇ'ਘਰ ਮੁੜਦੇ ਨੇ ਸਵੇਰੇ ਵੇਲੇ ਸਿਰ ਕੰਮ ਤੇ ਚਲੇ ਜਾਂਦੇ ਨੇਂ, ਮੈਂ ਤਾਂ ਟੈਲੀ ਤੇ ਵੀਡੀਓ ਜੋਗੀ ਈ ਹੁੰਨੀ ਵਾਂ...ਜੇ ਮੈਨੂੰ ਵਾਇਫ ਸਮਝਣ ਤਾਂ ਏਕਣ ਟੋਰਚਰ ਨਾ ਕਰਨ...।

—ਤੂੰ ਕੁਟਦਾ ਵੀ ਐਂ ?

—ਨਹੀਂ ਬਾਈ, ਇਹਨੂੰ ਕਸਮ ਦਵਾਕੇ ਪੁਛੋ, ਕੁਟਣਾ ਤਾਂ ਇਕ ਪਾਸੇ, ਜੇ ਕਦੀ ਹੱਥ ਵੀ ਚੁਕਿਆ ਹੋਵੇ ...ਦੋਸਤਾਂ ਮਿਤਰਾਂ 'ਚ ਤਾਂ ਹੁਣ ਬੈਠਣਾ ਈ ਹੋਇਆ ਨਾ...ਹੁਣ ਸਾਰਾ ਦਿਨ ਇਹਦੇ ਗੋਡੇ ਮੁਢ ਬੈਠਾ ਰਿਹਾ ਕਰਾਂ ?...।

ਮਾਂ ਦਾ ਦੁੱਧ ਜਿਹੜਾ ਹੁਣੇ ਗਰਮ ਸੀ, ਠੰਡਾ ਹੋ ਗਿਆ ।

—ਤੂੰ ਤਾਂ ਕਮਲੀ ਦੀ ਕਮਲੀ ਈ ਰਹੀ...ਪੜ੍ਹ ਲਿਖਕੇ ਵੀ ਅਕਲ ਨੀਂ ਆਈ, ਐਮੇਂ ਨਾ ਸਾਰਿਆਂ ਨੂੰ ਭਾਜੜ ਪਾ ਦਿਆ ਕਰ...ਭਲਾ ਜੇ ਕਿਤੇ ਇਹ ਚਲੇ ਵੀ ਜਾਵੇ ਤਾਂ ਉਧਰ ਆਪਣੀ ਭਾਬੀ ਕੋਲ ਆ ਜਿਆ ਕਰ ਉਹ ਵੀ ਤਾਂ ਕੱਲੀ ਈ ਹੁੰਦੀ ਐ...ਨਾਲੇ ਉਹ ਵੀ ਤੇਰੇ ਵਾਂਗੂੰ ਕਮਲ ਮਾਰਦੀ ਰਹਿੰਦੀ ਐ...।

ਇੰਗਲੈਂਡ ਦੇਸ਼ ਵਧੀਆ ਹੈ ਪਰ ਜ਼ਰੂਰੀ ਨਹੀਂ ਵਧੀਆ ਦੇਸ਼ ਵਿਚ ਜ਼ਿੰਦਗੀ ਵੀ ਵਧੀਆ ਹੋਵੇ । ○

---

ਕਵਿਤਾ

## ਸੂਰਜ

○

**ਧਰਮਪਾਲ ਉਪਾਸ਼ਕ**

○

ਮੈਂ ਰੇਡੀਓ ਨਹੀਂ
ਜੋ
ਤੁਹਾਡੀ ਮਨ ਮਰਜ਼ੀ ਦਾ
ਤਬਸਰਾ ਛੁਹ ਬੈਠਾਂ
ਤੇ ਤੁਸੀਂ ਹਵਾ ਮਹਿਲ 'ਚ ਬੈਠੇ
ਪ੍ਰਗਤੀ ਸ਼ਬਦ ਨੂੰ ਹੀ
ਪ੍ਰਗਤੀ ਸਮਝ ਬੈਠੋ ।
ਮੈਂ
ਟੇਬਲ ਤੇ ਪਿਆ
ਪੇਪਰ ਵੇਟ ਨਹੀਂ
ਜੋ
ਕਾਗਜ਼ਾਂ 'ਚ ਪਲ ਰਹੇ ਕੌੜ੍ਹ ਨੂੰ
ਦੱਬ ਕੇ ਬੈਠ ਜਾਵਾਂ
ਤੇ ਤੁਹਾਡੇ ਪਾਸ ਕੀਤੇ ਮਤਿਆਂ ਨੂੰ
ਮਸਤਕ ਦਾ ਭਾਗ ਸਮਝ ਬੈਠਾਂ ।
ਮੈਂ
ਟੇਬਲ ਤੇ ਪਿਆ
ਐਸ਼ਟਰੇ ਨਹੀਂ
ਜੋ ਤੁਸੀਂ ਹਕੂਮਤ ਦਾ ਨਸ਼ਾ
ਲੋਕਾਂ ਦੇ ਮੰਗ ਪੱਤਰਾਂ 'ਚ ਭਰਕੇ,
ਕਸ਼ ਤੇ ਕਸ਼ ਚਾੜ੍ਹੋ
ਤੇ ਸਧਰਾਂ ਦੀ ਰਾਖ
ਮੇਰੇ 'ਚ ਵਗਾਹ ਮਾਰੋ ।
ਮੈਂ
ਟੇਬਲ ਤੇ ਪਿਆ
ਸਫੈਦ ਕਾਗਜ਼ ਨਹੀਂ
ਜੋ
ਤੁਹਾਡੀ ਕਲਮ ਦਾ ਸ਼ਕਾਰ ਹੋ ਕੇ
ਸਰਕਾਰੀ ਇਸ਼ਤਿਹਾਰ ਬਣ
ਦੀਵਾਰ ਤੇ ਚਿਪਕ ਜਾਵਾਂ ।
ਮੈਂ
ਤੁਹਾਡੀ ਬਾਂਹ ਵਿਚ ਪਿਆ
ਮੰਤਰੀ ਦੀ ਉਡੀਕ ਕਰਦਾ
ਫੁੱਲਾਂ ਦਾ ਹਾਰ ਨਹੀਂ
ਜੋ ਭਰਿਸ਼ਟ ਹੋਏ ਸਾਹਾਂ ਨੂੰ
ਮਹਿਕ ਨਾਲ ਭਰ ਦੇਵਤਾ
ਮੈਂ ਜੋ ਵੀ ਹਾਂ
ਸੱਚ ਦੇ ਬੂਹੇ ਤੇ ਖੜਾ
ਪਹਿਰੇਦਾਰ ਹਾਂ,

ਜੋ ਤੁਹਾਡੇ ਇਰਾਦਿਆਂ ਨੂੰ
ਸਿਰ ਤੋਂ ਪੈਰਾਂ ਤੱਕ
ਨੰਗਿਆਂ ਕਰ ਦੇਵੇ ।
ਮੈਂ ਝੱਖੜ ਹਾਂ
ਜਿਹੜਾ
ਸਿਉਂਕ ਖਾਧੇ ਰੁੱਖਾਂ ਨੂੰ ਹਿਲਾ ਦੇਵੇ
ਤੇ ਸੁੱਕੇ ਪੱਤਿਆਂ ਨੂੰ ਝਾੜ ਕੇ
ਨਵਿਆਂ ਨੂੰ ਜੀਣਾ ਸਿਖਾ ਦੇਵੇ ।

ਮੈਂ
ਸੂਕਦਾ ਦਰਿਆ ਹਾਂ
ਜੋ ਕਿਸੇ ਬੰਨ੍ਹ ਦਾ ਮੁਥਾਜ ਨਹੀਂ ।
ਤੇ ਤੁਸੀਂ ਲੜਖੜਾਉਂਦੀ ਕਿਸ਼ਤੀ ।

ਮੈਂ
ਸਮੇਂ ਦੇ ਹਾਣ ਦਾ ਹਾਂ
ਜੋ ਕਿਸੇ ਹੋਣੀ ਅੱਗੇ
ਬੌਣਾ ਨਹੀਂ ਬਣ ਸਕਦਾ ।
ਮੈਂ
ਸੂਰਜ ਬਣ ਕੇ ਚੜ੍ਹਨ ਵਾਲਾ
ਹਨੇਰੇ ਦਾ ਸਵਾਗਤ ਨਹੀਂ ਕਰ ਸਕਦਾ ।

o

ਨਾਟਕੀ ਕਵਿਤਾ

## ਇੱਜ਼ਤ

o

### ਦਰਸ਼ਨ ਬੁਲੰਦਵੀ

o

ਗੈਰ ਕਾਨੂੰਨੀ ਆਵਾਸੀਆਂ ਦਾ ਸਮਾਰੋਹ
ਆਜ਼ਾਦੀ ਦਾ ਦਿਵਸ ਕਾਹਦਾ ਮਨਾ ਰਿਹਾ ਸੀ
ਐਵੇਂ ਵਿਦੇਸ਼ਾਂ ਦੀ ਨਿਰਮੋਹੀ ਜੂਹ ਅੰਦਰ
ਰੁੱਠਿਆ ਵਕਤ-ਮਨਾ ਰਿਹਾ ਸੀ
ਜਾਂ ਕਹਿ ਲਓ
ਦਲਦਲ 'ਚ ਖੜੇ ਵਕਤ ਨੂੰ
ਫਜ਼ੂਲ ਦੇ ਪਹੀਏ ਲਾ ਰਿਹਾ ਸੀ ।
ਆਜ਼ਾਦੀ ਦਿਵਸ ਦੇ ਪੱਜ
ਭਾਰਤੀ ਰਾਜਦੂਤ ਵੀ
ਆਪਣੀ ਇਸ਼ਤਿਹਾਰਬਾਜ਼ੀ ਲਈ ਹਾਜ਼ਿਰ ਸੀ
ਉਸ ਨੇ ਵੀ ਮਾਸੂਮ ਆਂਦਰਾਂ 'ਚ ਖੋਭਣ ਲਈ
ਆਪਣੇ ਭਰੱਸ਼ਟ ਨਹੁੰ ਵਧਾਏ ਹੋਏ ਸੀ
ਉਸ ਦੇ ਹਸਤਾਖਰਾਂ ਦੀ ਖਾਈ 'ਚ
ਰੋਜ਼ ਗੁਨਾਹ ਡੁੱਬਦੇ ਸੀ ।
ਤੱਕਣ ਨੂੰ ਭਾਵੇਂ
ਬੜੀ ਚਹਿਲ ਪਹਿਲ ਦੇ ਵਾਜੇ
ਇਸ ਸਮਾਰੋਹ ਦੇ ਮੰਚ ਤੇ ਵੱਜਦੇ ਸਨ
ਪਰ ਬੁਲ੍ਹਾਂ 'ਤੇ ਜੰਮੀ ਸਿੱਕਰੀ ਹੇਠਾਂ
ਬੜੇ ਤੌਖਲੇ, ਦਰਦ, ਕਲੇਸ਼ ਪਏ ਵੱਸਦੇ ਸਨ
ਡਾਢੇ ਉਦਰੇਵੇਂ 'ਚ ਘਰ ਦੇ ਗੀਤ
ਭਾਵੇਂ ਬੁੱਲਾਂ ਤੇ ਆ ਕੇ ਲਰਜ਼ਦੇ ਸਨ
ਪਰ ਦੇਖੋ ਦੇਖੀ ਨਿਕਲਦੇ ਹਾਸੇ
ਅਦਿੱਖ ਹੰਝੂਆਂ ਨੂੰ ਮਸਾਂ ਵਰਜਦੇ ਸਨ
ਰੂਹ ਮਾਰ ਤਲਖੀਆਂ ਦੇ ਬਾਵਜੂਦ
ਵਾਈਨ ਨਾਲ ਸਾਬੂਤਾ ਸੂਰ ਰਿੰਨਿਆਂ
ਸਮਾਰੋਹ 'ਚ ਲੱਪਟਾਂ ਛੱਡ ਰਿਹਾ ਸੀ
ਗੀਤਾਂ ਦੀ ਢਲਾਨ ਤੋਂ
ਵਕਤ ਦਾ ਜਾਮ ਪਹੀਆ
ਪੱਕੇ 'ਤੇ ਨੱਸ ਰਿਹਾ ਸੀ
ਤੇ ਮਨ ਦੇ ਖੜ੍ਹੇ ਪਾਣੀਆਂ ਵਿਚ
ਨਸ਼ਿਆਂ ਦਾ ਤੂਫਾਨ ਨੱਚ ਰਿਹਾ ਸੀ
ਕਿ ਅਚਾਨਕ ਇਕ ਨੁੱਕਰੇ
ਤੂੰ...ਮੈਂ...ਪਿਛੇ ਚਾਕੂ ਚਲ ਗਿਆ
ਇਨ੍ਹਾਂ ਹੁਸੀਨ ਪਲਾਂ ਦੀ ਹਿੱਕ 'ਤੇ
ਕਤਲ ਦਾ ਲਹੂ ਡੁੱਲ੍ਹ ਗਿਆ
ਰਿੱਧੇ 'ਤੇ ਝੱਖੜ ਝੁੱਲ ਗਿਆ
ਕੁਹਰਾਮ ਜਿਹਾ ਮੱਚ ਗਿਆ
ਰਾਜਦੂਤ ਉਠਿਆ
ਤੇ ਇਸ ਕਤਲ ਤੇ ਦੁੱਖ ਪ੍ਰਗਟ ਕਰਦਿਆਂ ਬੋਲਣ ਲੱਗਾ
"ਜੇ ਇਸ ਕਤਲ ਦੀ ਪੋਟਲੀ
ਇਥੋਂ ਦੇ ਲੋਕਾਂ ਵਿਚ ਖੁੱਲ੍ਹ ਗਈ
ਸਾਡੀ ਇੱਜ਼ਤ ਦਾ ਬੁਰਾ ਹਸ਼ਰ ਹੋਓ
ਸਾਡੀ ਕੌਮ ਦਾ ਨੀਚ ਕਿਰਦਾਰ
ਸਾਰੇ ਨਸ਼ਰ ਹੋਓ
ਸੋ ਇਸ ਕਤਲ 'ਤੇ ਮਿੱਟੀ ਪਾ ਦਿਓ
ਕੰਧਾਂ ਨੂੰ ਇਹਦੀ ਕੰਨਸੋਅ ਨਾ ਜਾਵੇ
ਇਹਦੇ ਲਹੂ ਭਰੇ ਮੂੰਹ 'ਤੇ ਚਾਦਰ ਪਾ ਦਿਓ
ਕਿਸੇ ਹੋਰ ਦਾ ਜੀਅ ਕਿਰਕ ਨਾ ਜਾਵੇ
ਅੱਧੀ ਰਾਤ ਨੂੰ ਚੋਰੀ
ਸ਼ਹਿਰੋਂ ਬਾਹਰ ਕਿਸੇ ਪਹਾੜੀ ਤੇ ਦਫਨਾ ਦਿਓ
ਕਿਸੇ ਪਰਿੰਦੇ ਨੂੰ ਇਹਦੀ ਮੁਸ਼ਕ ਨਾ ਜਾਵੇ
ਮੁੱਦਾ ਛੁਪਾਉਣ ਵਿਚ ਹੀ ਤਾਂ
ਇਨ੍ਹਾਂ ਲੋਕਾਂ ਵਿਚ ਸਾਡੀ ਇੱਜ਼ਤ ਏ ।"

o

ਹਿੰਦੀ ਕਹਾਣੀ :

## ਬੇਕਾਰ ਆਦਮੀ

ਡਾਕਟਰ ਹਰੀ ਸ਼ਰਮਾ

ਸਹਿਜ ਦੇਣੀ ਖੱਟ ਦੀ ਅਵਾਜ਼ ਹੋਈ ਤੇ ਕਮਰਾ ਹਨੇਰੇ ਨਾਲ ਭਰ ਗਿਆ।

ਉਸ ਨੂੰ ਲੱਗਾ ਜਿਵੇਂ ਸਭ ਕੁਝ ਬੇ-ਪਰਦ ਹੋ ਗਿਆ ਹੈ। ਉਸ ਦਾ ਸਾਹ ਰੁਕ ਗਿਆ। ਨਹੀਂ, ਕੁਝ ਵੀ ਨਹੀਂ ਬਚਿਆ। ਸਰੀਰ ਉਪਰਲੇ ਸਭ ਕਪੜੇ ਵੀ ਵਿਅਰਥ ਹਨ। ਉਨ੍ਹਾਂ ਦੇ ਹੇਠਾਂ ਜਿਹੜੀ ਚਮੜੀ ਹੈ ਉਹ ਵੀ ਕੋਈ ਬਚਾਅ ਨਹੀਂ ਕਰ ਸਕਦੀ। ਕੁਝ ਹੈ ਜੋ ਇਨ੍ਹਾਂ ਸਾਰਿਆਂ ਦੇ ਹੇਠਾਂ ਜਾ ਪਹੁੰਚਿਆ ਹੈ। ਮਾਸ, ਚਰਬੀ, ਅਤੇ ਪੱਠਿਆਂ ਨੂੰ ਚੀਰਦਾ ਹੋਇਆ ਪੱਸਲੀਆਂ ਦੇ ਵਿਚ ਪਹੁੰਚ ਗਿਆ ਹੈ। ਉਥੇ ਕਿਤੇ ਹੀ ਸਾਹ ਉੱਖੜ ਰਿਹਾ ਹੈ। ਦਿਲ ਦੀ ਧੜਕਣ ਅੱਜ ਜਿਵੇਂ ਕੈਦ ਹੋ ਜਾਵੇਗੀ। ... ... ਉਸ ਨੇ ਆਪਣੀ ਪਿੱਠ ਉਪਰ ਦਬਾ ਮਹਿਸੂਸ ਕੀਤਾ। ਦੋਹਾਂ ਬਾਹਾਂ ਦੇ ਵਿਰਦੀ ਹੱਥ ਪਾ ਕੇ ਜਿਵੇਂ ਕੋਈ ਨੇੜੇ ਨੂੰ ਖਿੱਚ ਰਿਹਾ ਹੋਵੇ।... ...ਹਾਂ, ਹੋਰ ਵੀ ਨਾਲ ਲੱਗਣਾ ਪਊਗਾ, ਇਸ ਤਰ੍ਹਾਂ ਕਿ ਵਿਚਕਾਰ ਦੀ ਹਵਾ ਵੀ ਨਾ ਲੰਘ ਸਕੇ।... ...ਰਹਿ ਵੀ ਕੀ ਗਿਆ ਹੈ। ਧੁਰ ਅੰਦਰ ਦੀਆਂ ਗਹਿਰਾਈਆਂ ਇਕ ਤਰ੍ਹਾਂ ਨਾਲ ਨੰਗੀਆਂ ਹੋ ਗਈਆਂ ਹਨ। ਕੋਈ ਬਚਾਅ ਕਰਨਾ ਵੀ ਨਹੀਂ ਹੈ। ਧੁੱਸ ਜਾਊ ਧੁਰ ਅੰਦਰ ਤਕ। ਮਾਸ-ਚਰਬੀ ਤੋਂ ਵੀ ਅੱਗੇ, ਉਥੇ ਜਿਥੇ ਗਰਮ ਖ਼ੂਨ ਠਾਠਾਂ ਮਾਰ ਰਿਹਾ ਹੈ। ਹਰ ਸਾਹ ਦੇ ਨਾਲ। ਜਿਥੇ ਦਿਲ ਦੀਆਂ ਧੜਕਣਾਂ ਹਨ। ਦੇਖੋ ! ਝਾਕ ਝਾਕ ਕੇ ਦੇਖੋ, ਜੀਅ ਭਰ ਕੇ ਦੇਖੋ, ਕੀ ਹੈ ਉਥੇ ਜੋ ਉਸ ਨੂੰ ਖਾ ਰਿਹਾ ਹੈ, ਅੰਦਰੋਂ ਹੀ ਅੰਦਰੋਂ ਖੋਖਲਾ ਕਰੀ ਜਾ ਰਿਹਾ ਹੈ।

ਉਸ ਨੇ ਆਪਣਾ ਸਰੀਰ ਢਿੱਲਾ ਛੱਡ ਦਿੱਤਾ। ਹੋਸ਼ ਇਕ ਤਰ੍ਹਾਂ ਗੁੰਮ ਹੋ ਗਏ। ਜੋ ਕੁਝ ਹੋ ਰਿਹਾ ਹੈ, ਉਹ ਜਾਣੀਦਾ ਉਸ ਦੇ ਵੱਸੋਂ ਬਾਹਰ ਹੈ।

ਬੱਸ, ਕੁਝ ਮਿੰਟ... ... ਅਤੇ ਇਕ ਤਰ੍ਹਾਂ ਨਾਲ ਸਭ ਕੁਝ ਖਤਮ ਹੋ ਗਿਆ।

ਖੱਟ। ਤੇ ਕਮਰੇ ਦਾ ਹਨੇਰਾ ਨਾ ਜਾਣੇ ਕਿੱਥੇ ਭੱਜ ਗਿਆ। ਭਰਪੂਰ ਰੌਸ਼ਨੀ ਨਾਲ ਚੌਹਾਂ ਪਾਸਿਆਂ ਦੀਆਂ ਕੰਧਾਂ ਜਗਮਗਾ ਉਠੀਆਂ।

ਉਸਦੀ ਨਜ਼ਰ ਸਾਹਮਣੇ ਵਾਲੀਆਂ ਅੱਖਾਂ ਨਾਲ ਮਿਲੀ। ਉਸ ਨੇ ਜਿਵੇਂ ਕੁਝ ਪੜ੍ਹਨਾ ਚਾਹਿਆਂ, ਪਰ ਮੋਟੇ ਲੈਂਜ਼ ਦੇ ਪਿੱਛੇ ਵਾਲੀਆਂ ਅੱਖਾਂ ਸਦਾ ਦੀ ਤਰ੍ਹਾਂ ਨਿਰਵਿਕਾਰ ਸਨ। ਮੱਥੇ ਉੱਪਰ ਉਸੇ ਹੀ ਤਰ੍ਹਾਂ ਦੀਆਂ ਤੀੜੀਆਂ, ਜਿਨ੍ਹਾਂ ਵਿਚ ਪਸੀਨੇ ਦੀਆਂ ਹਲਕੀਆਂ ਹਲਕੀਆਂ ਬੂੰਦਾਂ। ਦੋਵੇਂ ਹੋਂਠ ਕੱਸ ਕੇ ਮੀਟੇ ਹੋਏ। ਨਹੀਂ, ਇਸ ਚੇਹਰੇ ਨੂੰ ਦੇਖ ਕੇ ਕੁਝ ਵੀ ਨਹੀਂ ਜਾਣਿਆ ਜਾ ਸਕਦਾ।

ਲੱਤਾਂ ਵਿਚ ਇਕ ਤਰ੍ਹਾਂ ਨਾਲ ਜਿਵੇਂ ਤੁਰਨ ਦੀ ਤਾਕਤ ਨਹੀਂ ਰਹੀ ਸੀ। ਫਿਰ ਵੀ ਉਹ ਰਾਖਸ਼ ਵਰਗੀ ਗਲਾਸ-ਸਕਰੀਨ ਦੇ ਪਿਛਿਉਂ ਨਿਕਲਕੇ ਉਹਦੇ ਪਿਛੇ ਪਿਛੇ ਕਮਰੇ ਦੇ ਦੂਜੇ ਖੂੰਜੇ ਵਿਚ ਡਿੱਠੀ ਵੱਡੀ ਮੇਜ਼ ਕੋਲ ਗਿਆ। ਉਹ ਕੁਰਸੀ ਉਪਰ ਬੈਠੇ ਤਾਂ ਉਹ ਵੀ ਬੈਠ ਗਿਆ। ਅੱਖਾਂ ਨਿਰੰਤਰ ਉਨ੍ਹਾਂ ਦੇ ਚੇਹਰੇ ਉਪਰ ਟਿਕੀਆਂ ਰਹੀਆਂ। ਸ਼ਾਇਦ ਉਹ ਕੁਝ ਕਹੇ। ਪਰ ਹੋਠਾਂ ਦੀ ਮਿਲਣ ਰੇਖਾ ਜਿਉਂ ਦੀ ਤਿਉਂ ਬਣੀ ਰਹੀ। ਮੇਜ਼ ਉਪਰ ਵਿਛੇ ਕਾਗਜ਼ਾਂ ਉਪਰ ਉਨ੍ਹਾਂ ਦੀ ਦਰਿਸ਼ਟੀ ਜੰਮੀ ਹੋਈ ਸੀ। ਇਕਾ-ਇਕ ਉਨ੍ਹਾਂ ਨੇ ਇਕ ਪਾਸੇ ਰੱਖੇ ਪੀਲੇ ਕਾਗਜ਼ ਦੇ ਰੈਪਰ ਵਿਚੋਂ ਕਾਲੀਆਂ ਪਲੇਟਾਂ ਕੱਢੀਆਂ। ਤਰੀਕਾਂ ਦੇਖੀਆਂ, ਅਤੇ ਇਕ ਪਲੇਟ ਛਾਂਟ ਕੇ ਖੱਬੇ ਪਾਸੇ ਝੁਕ ਕੇ ਰਿਫਲੈਕਟਰ ਵਿਚ ਫਸਾ ਦਿੱਤੀ। ਬਟਨ ਦੱਬ ਦਿੱਤਾ ਅਤੇ ਬਿਜਲੀ ਦੀ ਦੁਧੀਆ ਰੋਸ਼ਨੀ ਨਾਲ ਉਹ ਕਾਲੀ ਪਲੇਟ ਚਮਕ ਪਈ। ਪੱਸਲੀਆਂ ਦਾ ਢਾਂਚਾ— ਉਸ ਦੀਆਂ ਪੱਸਲੀਆਂ ਦਾ ਢਾਂਚਾ। ਕਿੰਨ੍ਹੀ ਵਾਰ ਉਸੇ ਨੂੰ ਇਸ ਨੇ ਦੇਖਿਆ ਹੈ, ਬਹੁਤ ਧਿਆਨ ਨਾਲ ਵੀ, ਲੇਕਿਨ ਉਸ ਦੀ ਸਮਝ ਵਿਚ ਕੁਝ ਨਹੀਂ ਆ ਸਕਿਆ। ਸਿਵਾਏ ਉਸ ਧੁੰਧਲੇਪਨ ਦੇ ਜੋ ਉਸ ਦੀਆਂ ਖੱਬੇ ਪਾਸੇ ਦੀਆਂ ਪੱਸਲੀਆਂ ਉੱਪਰ ਛਾਇਆ ਹੋਇਆ ਹੈ। ਕਹਿੰਦੇ ਹਨ ਕਿ ਇਹ ਪਾਣੀ ਦੀ ਤਹਿ ਹੈ। ਪਲੂਰਿਸੀ,...।

ਇਕ ਝਟਕੇ ਨਾਲ ਉਹ ਉੱਠ ਖੜੇ ਹੋਏ। ਮੇਜ਼ ਉੱਪਰ ਰੱਖਿਆ ਹੋਇਆ ਸਟੈਥੋਸਕੋਪ ਚੁਕਿਆ ਅਤੇ ਕਮਰੇ ਦੇ ਦੂਜੇ ਕੋਨੇ ਵਿਚ ਪਏ ਬੈੱਡ ਕੋਲ ਜਾ ਕੇ ਖੜ ਗਏ। ਉਹ ਜਾਣਦਾ ਹੈ ਕਿ ਉਸ ਨੇ ਕੀ ਕਰਨਾ ਹੈ। ਬਗੈਰ ਕਿਸੇ ਇਸ਼ਾਰੇ ਦੇ ਉਹ ਵੀ ਉਨ੍ਹਾਂ ਦੇ ਪਿਛੇ ਤੁਰ ਪਿਆ। ਸੱਕਰੀਨਿੰਗ ਨਾਲ ਸ਼ਾਇਦ ਪੂਰੀ ਤਸੱਲੀ ਨਹੀਂ ਹੋ ਸਕੀ ਸੀ। ਉਨ੍ਹਾਂ ਨੇ ਇਸ਼ਾਰਾ ਕੀਤਾ ਤਾਂ ਉਹ ਬੈੱਡ ਉਪਰ ਲੰਮਾ ਪੈ ਗਿਆ।... ...ਸਾਹ ਹੇਠਾਂ, ਸਾਹ ਉਪਰ ਅਤੇ ਹਰ ਸਾਹ ਨਾਲ ਉਹ ਉਸ ਦੇ ਦਿਲ ਦੀਆਂ ਧੜਕਣਾਂ ਗਿਣਦੇ ਰਹੇ। ਭਾਰਾ ਹੱਥ ਉਸ ਦੀਆਂ ਪਸਲੀਆਂ ਉਪਰ ਘੁੰਮਦਾ ਰਿਹਾ। ਉਂਗਲੀ ਨਾਲ ਠੋਲੇ ਮਾਰ ਮਾਰ ਉਨ੍ਹਾਂ ਨੇ ਉਸ ਦੀਆਂ ਪਸਲੀਆਂ ਦੀ ਅਵਾਜ਼ ਸੁਣੀ। ਇਹ ਸਭ ਕੁਝ ਹੁੰਦਾ ਰਹਿਆ ਅਤੇ ਚੁਪ-ਚਾਪ ਲੇਟਿਆ ਹੋਇਆ ਉਨ੍ਹਾਂ ਦੇ ਭਰੇ ਭਰੇ ਚੇਹਰੇ ਨੂੰ ਦੇਖਦਾ ਰਿਹਾ, ਚੇਹਰਾ ਜੋ ਬਿਲਕੁਲ ਉਸ ਦੇ ਉੱਪਰ ਝੁਕ ਆਇਆ ਸੀ। ਕੀ ਕੁਝ ਘੁੰਮ

ਰਿਹਾ ਹੋਵੇਗਾ ਇਸ ਦੇ ਮਸਤਕ ਅੰਦਰ । ਕੀ ਕਿਸੇ ਵੀ ਤਰ੍ਹਾਂ ਇਕ ਵਾਰ ਹੀ ਇਸਦੇ ਅੰਦਰ ਵੜ ਸਭ ਕੁਝ ਜਾਣਿਆ ਨਹੀਂ ਜਾ ਸਕਦਾ । ਕੀ ਹੈ ਜੋ ਲੱਭ ਰਹੇ ਹਨ । ਕੀ ਹੈ ਜੋ ਉਹ ਦੇਖ ਸਕੇ ਹਨ, ਉਸ ਦੀਆਂ ਪਸਲੀਆਂ ਦੇ ਅੰਦਰ ਹੀ ਨਹੀਂ, ਬਲਕਿ ਉਸਦੀ ਜ਼ਿੰਦਗੀ ਦੇ ਭਵਿੱਖ ਵਿਚ ਵੀ...?

ਉਹ ਫਿਰ ਕੁਰਸੀ ਉਪਰ ਬੈਠੇ ਹੋਏ ਸਨ ।

"ਦਵਾਈ ਨਿਤਾ-ਨੇਮ ਨਾਲ ਖਾ ਰਿਹਾਂ ?" ਉਸਦੇ ਚੇਹਰੇ ਦੀ ਤਰਫ਼ ਇਕ ਟੱਕ ਦੇਖਦੇ ਹੋਏ ਉਨ੍ਹਾਂ ਨੇ ਪੁੱਛਿਆ ।

"ਜੀ ।" ਉਸਦੇ ਮੂੰਹੋਂ ਮੁਸ਼ਕਲ ਨਾਲ ਹੀ ਅਵਾਜ਼ ਨਿਕਲੀ ।

"ਇਨਜੈਕਸ਼ਨ ਵੀ ?"

"ਜੀ ਹਾਂ । ਸੀ.ਐਚ.ਐਸ. ਵਾਲੇ ਦਿੰਦੇ ਹਨ ।"

"ਤੇ ਖ਼ੁਰਾਕ ? ਕੀ ਖਾਂਦਾ ਹੁੰਦਾ ?"

"ਜੋ ਕੁਝ ਤੁਸੀਂ ਦੱਸਿਆ ਸੀ, ਉਹ ਸਾਰਾ ਕੁਝ...।"

"ਦੁਧ, ਅੰਡਾ, ਫਲ...?"

"ਜੀ ਹਾਂ ।"

ਉਹ ਨਹੀਂ ਚਾਹੁੰਦਾ ਸੀ ਕਿ ਡਾਕਟਰ ਇਹ ਸਭ ਗੱਲਾਂ ਪੁੱਛੇ । ਸਾਰਾ ਕੁਝ ਕੀ ਇੰਨੀ ਸਰਲਤਾ ਨਾਲ ਦੱਸਿਆ ਜਾ ਸਕਦਾ ਹੈ ।

ਇਕ ਪਲ ਉਹ ਚੁਪ ਰਹੇ, ਜਿਸ ਤਰ੍ਹਾਂ ਕੁਝ ਸੋਚ ਰਹੇ ਹੋਣ ।

"ਸਮਝ ਨਹੀਂ ਆਉਂਦਾ।...ਅੱਜ ਤੇਰੇ ਨਾਲ ਕੋਈ ਆਇਆ ਨਹੀਂ ਹੈ ?"

"ਜੀ ਨਹੀਂ, ਇਕੱਲਾ ਆਇਆ ਹਾਂ ।"

"ਅੱਛਾ ਦੇਖ, ਇਹ ਦਵਾਈ ਬਦਲ ਰਿਹਾ ਹਾਂ । ਕੱਲ ਨੂੰ ਆਪਣੇ ਭਰਾ ਨੂੰ ਭੇਜੀਂ । ਮੈਂ ਉਹਦੇ ਨਾਲ ਕੋਈ ਗੱਲ ਕਰਨੀ ਹੈ ।"

"ਲੇਕਿਨ...।"

ਉਨ੍ਹਾਂ ਉਹਦੇ ਚਿਹਰੇ ਵੱਲ ਦੇਖਿਆ । ਉਸ ਦੀਆਂ ਨਜ਼ਰਾਂ ਝੁੱਕ ਗਈਆਂ ।

"ਉਹ ਸ਼ਾਇਦ ਨਾ ਆ ਸਕਣ । ਉਨ੍ਹਾਂ ਨੂੰ ਘੱਟ ਹੀ ਫੁਰਸਤ ਮਿਲਦੀ ਹੈ ।" ਉਸ ਨੇ ਸਿਰ ਝੁਕਾਏ ਹੋਏ ਹੀ ਕਿਹਾ ਅਤੇ ਫਿਰ ਉਨ੍ਹਾਂ ਦੇ ਚਿਹਰੇ ਵੱਲ ਦੇਖਕੇ ਬੋਲਿਆ, "ਤੁਸੀਂ ਮੈਨੂੰ ਹੀ ਦੱਸ ਦਿਉ ਡਾਕਟਰ ਸਾਹਿਬ । ਬੇਫਿਕਰ ਰਹੋ, ਮੈਂ ਸਹਿ ਸਕਦਾ ਹਾਂ । ਛੇ ਮਹੀਨੇ ਹੋ ਗਏ ਹਨ ਹੁਣ ਤਾਂ ।" ਉਹਦੇ ਮੁਖ 'ਚੋਂ ਖੋਖਲੀ ਜਿਹੀ ਹਾਸੀ ਨਿਕਲ ਗਈ ।

ਡਾਕਟਰ ਨੇ ਉਹਦੇ ਵੱਲ ਦੇਖਿਆ, ਖੂਬ ਗੌਰ ਨਾਲ । ਦੇਰ ਤੱਕ ਦੇਖਦੇ ਰਹੇ ਅਤੇ ਫਿਰ ਸਾਹਮਣੇ ਵਾਲੀ ਮੇਜ਼ ਉਪਰ ਝੁਕ ਕੇ ਬੋਲੇ, "ਦੇਖੋ ਦੋਸਤ ..ਕੀ ਨਾਂ ਏ ਤੇਰਾ...ਰਾਜੇਸ਼, ਗੱਲ ਇਹ ਹੈ ਕਿ ਫੈਦਾ ਚੰਗੀ ਤਰ੍ਹਾਂ ਨਹੀਂ ਹੋ ਰਿਹਾ । ਪਤਾ ਨਹੀਂ ਕੀ ਗੱਲ ਹੈ । ਜਾਂ ਤਾਂ ਤੂੰ ਪੂਰਾ ਅਰਾਮ ਨਹੀਂ ਕਰਦਾ ਜਾਂ ਖ਼ੁਰਾਕ 'ਚ ਕਮੀ ਹੈ । ਮੈਨੂੰ ਲੱਗਦਾ ਹੈ ਕਿ ਤੇਰੇ ਫੇਫੜਿਆਂ ਉਪਰ ਵੀ ਅਸਰ ਸ਼ੁਰੂ ਹੋ ਗਿਆ ਹੈ । ਇਸ ਤਰ੍ਹਾਂ ਰਿਹਾ ਤਾਂ ਟੀ, ਬੀ. ਦਾ ਕੇਸ ਬਣ ਜਾਉਗਾ ।" ਇਹ ਕਹਿ ਕੇ ਉਨ੍ਹਾਂ ਵਿਚ ਰਾਜੇਸ਼ ਵੱਲ ਦੇਖਿਆ । ਉਹ ਬਗੈਰ ਅੱਖ ਝਮੱਕਿਆਂ ਉਨ੍ਹਾਂ ਵੱਲ ਦੇਖ ਰਿਹਾ ਸੀ ।

"ਖ਼ਾਸ ਘਬਰਾਉਣ ਦੀ ਲੋੜ ਨਹੀਂ ਹੈ । ਇਲਾਜ ਨਾਲ ਸਭ ਕੁਝ ਠੀਕ ਹੋ ਜਾਵੇਗਾ । ਤੂੰ ਪੂਰਾ ਅਰਾਮ ਕਰ । ਚੰਗੀ-ਸੋਹਣੀ ਖ਼ੁਰਾਕ ਖਾ ਤੇ ਖੁਸ਼ ਰਹਿਣਾ ਬਹੁਤ ਜ਼ਰੂਰੀ ਹੈ । ਜ਼ਿਆਦਾ ਫਿਕਰ ਤਾਂ ਨਹੀਂ ਨਾ ਕਰਦਾ ?"

"ਨਹੀਂ ਫਿਕਰ ਤਾਂ ਕੋਈ ਨਹੀਂ ਹੈ ।" ਉਸ ਨੂੰ ਲੱਗਾ ਜਿਵੇਂ ਉਸ ਦੀ ਅਵਾਜ਼ ਡੁਬਦੀ ਜਾ ਰਹੀ ਹੋਵੇ । ਨਹੀਂ, ਇਹ ਠੀਕ ਨਹੀਂ ਹੈ । ਇਸ ਨੂੰ ਡੁੱਬਣ ਨਹੀਂ ਦੇਣਾ ਹੈ । ਤੇ ਸਮੁੱਚੀ ਸ਼ਕਤੀ ਇਕੱਠੀ ਕਰਕੇ ਉਸ ਨੇ ਕਿਹਾ, "ਇਕ ਗਲ ਸੀ ਡਾਕਟਰ ਸਾਬ੍ਹ...।"

ਪਤਾ ਨਹੀਂ ਉਹ ਕਹਿ ਵੀ ਸਕੇਗਾ ਜਾਂ ਨਹੀਂ । ਅਵਾਜ਼ ਨੂੰ ਨਾ ਜਾਣੇ ਕੀ ਹੋ ਗਿਆ ਹੈ । ਉਹ ਜਾਣਦਾ ਹੈ ਕਿ ਡਾਕਟਰ ਉਹਦੇ ਵੱਲ ਦੇਖ ਰਿਹਾ ਹੈ । ਉਹ ਜਾਣਦਾ ਹੈ ਕਿ ਉਨ੍ਹਾਂ ਦੀਆਂ ਅੱਖਾਂ ਵਿਚ ਉਤਸੁੱਕਤਾ ਹੈ । ਉਹ ਜਾਣਦਾ ਹੈ ਕਿ ..।

"ਗਲ ਇਹ ਹੈ ਡਾਕਟਰ ਸਾਬ੍ਹ...ਕੀ ਤੁਸੀਂ ਮੈਨੂੰ 'ਫਿਟਨੈਸ ਸਰਟੀਫਿਕੇਟ' ਨਹੀਂ ਦੇ ਸਕਦੇ ? ਬਹੁਤ ਮੁਸ਼ਕਲ ਹੋ ਗਈ ਹੈ । ਵੀਰ ਜੀ ਇਕੱਲੇ ਕਮਾਉਣ ਵਾਲੇ ਹਨ । ਖ਼ਰਚ ਤੁਰ ਨਹੀਂ ਰਿਹਾ।...ਮੈਂ ਤੁਹਾਨੂੰ ਸੱਚ ਦੱਸ ਰਿਹਾਂ, ਡਾਕਟਰ ਸਾਬ੍ਹ ਮੈਂ ਬਿਲਕੁਲ ਠੀਕ ਹਾਂ । ਤੁਰ ਫਿਰ ਸਕਦਾ ਹਾਂ । ਮੈਂ ਖ਼ੂਬ ਫ਼ਲ ਖਾਵਾਂਗਾ, ਬਰਾਬਰ ਦਵਾਈਆਂ ਵੀ ਲੈਂਦਾ ਰਵਾਂਗਾ...।"

"ਤੂੰ ਪਾਗਲ ਤਾਂ ਨਹੀਂ ਹੋ ਗਿਆ । 'ਫਿਟਨੈਸ' ਦੀ ਗੱਲ ਕਰਦਾ, ਮੇਰਾ ਵੱਸ ਚੱਲੇ ਤਾਂ ਤੈਨੂੰ ਹਸਪਤਾਲ ਭੇਜ ਦਿਆਂ । ਲੇਕਿਨ 'ਬੈੱਡਜ਼' ਦਾ ਇਹ ਹਾਲ ਹੈ ਕਿ ਛੇ ਮਹੀਨਿਆਂ ਤੱਕ ਤੇਰਾ ਨੰਬਰ ਨਹੀਂ ਆਵੇਗਾ ।...... ਨਹੀਂ, ਨਹੀਂ, ਇਹ ਸਭ ਫ਼ਜ਼ੂਲ ਗੱਲਾਂ ਦਿਲ ਚੋਂ ਕੱਢ ਛੱਡ । ਅਜੇ ਤਾਂ ਦੋ-ਤਿੰਨ ਮਹੀਨੇ ਪੂਰੇ ਅਰਾਮ ਦੀ ਜ਼ਰੂਰਤ ਹੈ ।"

ਇਕ ਪਲ ਉਹ ਚੁੱਪ ਰਿਹਾ, ਫਿਰ ਬੋਲਿਆ, "ਛੇ ਮਹੀਨੇ ਹੋ ਗਏ ਹਨ 'ਵਿੱਦਆਊਟ ਪੇ ।' 'ਟੈਂਪਰੇਰੀ ਜਾਬ' ਸੀ । ਇਕ ਸਾਲ ਮੇਰਾ ਪੂਰਾ ਨਹੀਂ ਹੋਇਆ ਸੀ । ਕੱਢ

ਤੱਕ ਉਹ ਛੁੱਟੀ ਦੇਣਗੇ। ਅਗਰ 'ਟਰਮੀਨੇਟ ਕਰ ਦਿੱਤਾ ਤਾਂ......।"

"ਕਿਸ ਤਰ੍ਹਾਂ 'ਟਰਮੀਨੇਟ' ਕਰ ਦੇਣਗੇ ? ਕੋਈ ਤਮਾਸ਼ਾ ਹੈ। ਤੂੰ ਬਾਹਰ ਸਰਨਾਵਾਂ ਦੇ ਜਾਹ। ਮੈਂ 'ਪਰਸਨਲ ਲੈਟਰ' ਲਿਖ ਦੇਵਾਂਗਾ ਤੇਰੇ ਆਫ਼ੀਸਰ ਨੂੰ। ਠੀਕ ਹੈ ?" ਉਨ੍ਹਾਂ ਦੇ ਤੌਰ ਤੋਂ ਲੱਗਾ ਜਿਸ ਤਰ੍ਹਾਂ ਹੁਣ ਦੂਜੇ ਮਰੀਜ਼ ਨੂੰ ਅੰਦਰ ਆਉਣਾ ਚਾਹੀਦਾ। ਰਾਜੇਸ਼ ਨੂੰ ਪਤਾ ਹੈ, ਬਾਹਰ ਕਾਫ਼ੀ ਮਰੀਜ਼ ਬੈਠੇ ਹਨ, ਇੰਤਜ਼ਾਰ ਵਿਚ।

"ਫਿਰ ਵੀ...ਮੈਂ...ਮੈਂ ਤੁਹਾਨੂੰ ਸਭ ਕੁਝ ਦੱਸ ਨਹੀਂ ਸਕਦਾ. ਡਾਕਟਰ ਸਾਬ੍ਹ। ਤੁਸੀਂ ਮੈਨੂੰ 'ਫਿਟਨੈਸ ਸਰਟੀਫਿਕੇਟ'...।" ਉਹ ਗੱਲ ਪੂਰੀ ਨਹੀਂ ਕਰ ਸਕਿਆ। ਡਾਕਟਰ ਨਾਲ ਨਜ਼ਰ ਮਿਲਦੇ ਹੀ ਜਿਸ ਤਰ੍ਹਾਂ ਸ਼ਬਦ ਖੋ ਗਏ।

"ਤੇਰਾ ਭਰਾ ਕੀ ਕਰਦਾ ਹੈ ?"

"ਕਲੱਰਕ ਹਨ, ਪੀ. ਐਂਡ ਟੀ. ਵਿਚ"

"ਕਿੰਨੀ ਤਨਖਾਹ ਮਿਲਦੀ ਹੈ ?"

"ਇਕ ਸੌ ਚਾਲ੍ਹੀ ਰੁਪਏ। ਮਾਂ ਹੈ, ਭਾਬੀ ਹੈ, ਦੋ ਬੱਚੇ ਹਨ ਤੇ ਇਕ ਛੋਟੀ ਭੈਣ ਹੈ। ਵੀਰ ਜੀ ਦੀ ਆਪਣੀ ਸਿਹਤ ਵੀ ਠੀਕ ਨਹੀਂ ਰਹਿੰਦੀ ਹੈ।" ਕਹਿੰਦੇ ਕਹਿੰਦੇ ਉਸ ਨੂੰ ਲੱਗਿਆ ਜਿਸ ਤਰ੍ਹਾਂ ਉਸ ਦੀ ਆਵਾਜ਼ ਸੰਘ ਵਿਚ ਫਸਦੀ ਜਾ ਰਹੀ ਹੋਵੇ।

ਡਾਕਟਰ ਸ਼ਾਇਦ ਉਸ ਦੀ ਆਵਾਜ਼ ਦੀ ਕੰਬਣੀ ਭਾਂਪ ਗਏ। "ਬੀ ਬਰੇਵ, ਯੰਗ ਮੈਨ। ਹਿੰਮਤ ਛੱਡਣ ਨਾਲ ਗੱਲ ਨਹੀਂ ਬਣਦੀ। ਕੱਲ ਨੂੰ ਆਪਣੇ ਭਰਾ ਨੂੰ ਭੇਜੀਂ। 'ਪਾਊਡਰ ਮਿਲਕ' ਦਾ ਇੰਤਜ਼ਾਮ ਕਰ ਦੇਵਾਂਗਾ। ਕੁਝ 'ਫਾਈਨੈਂਸ਼ਲ ਹੈਲਪ' ਵੀ ਮਿਲ ਜਾਵੇਗੀ। ਖੂਬ ਚੰਗੀ ਖੁਰਾਕ ਖਾਉ। ਇਹ ਦਵਾਈਆਂ ਅਤੇ ਇੰਨਜੈਕਸ਼ਨ ਲੈਂਦਾ ਰਹਿ। ਦੋ-ਤਿੰਨ ਮਹੀਨਿਆਂ ਵਿਚ ਬਿਲਕੁਲ ਠੀਕ ਹੋ ਜਾਵੇਂਗਾ।" ਅਤੇ ਉਨ੍ਹਾਂ ਨੇ ਜਲਦੀ ਜਲਦੀ ਕੁਝ ਝਰੀਟ ਕੇ ਪਰਚੀ ਉਹਦੇ ਵੱਲ ਸਰਕਾ ਦਿਤੀ।

ਇਕ ਪਲ ਉਹ ਖੜਾ ਖੜਾ ਪਰਚੀ ਵੇਖਦਾ ਰਿਹਾ ਅਤੇ ਫਿਰ ਸਹਿਜੇ ਸਹਿਜੇ ਤੁਰ ਕੇ ਕਮਰੇ 'ਚੋਂ ਬਾਹਰ ਨਿਕਲ ਗਿਆ।

ਇਹ ਕੇਹੋ ਜਿਹੀ ਭੱਜ-ਦੌੜ ਮੱਚੀ ਹੋਈ ਹੈ। ਮੋਟਰ ਬੱਸ, ਫੋਰ ਸੀਟਰ, ਟੂ ਸੀਟਰ, ਸਾਈਕਲ ਸਾਰੇ ਜਿਸ ਤਰ੍ਹਾਂ ਇਕ ਦੂਜੇ ਨੂੰ ਫੜਨ ਦੀ ਧੁੰਨ ਵਿਚ ਅੱਗੇ-ਪਿੱਛੇ ਭੱਜ ਰਹੇ ਹਨ। ਦਿੱਲੀ ਗੇਟ ਦੇ ਗੋਲ ਪਾਰਕ ਵਿਚ ਇਕ ਰੁਖਦੇ ਤਣੇ ਦੇ ਸਹਾਰੇ ਰਾਜੇਸ਼ ਆ ਕੇ ਬੈਠ ਗਿਆ ਹੈ। ਚਾਰੀਂ ਪਾਸੀਂ ਸੜਕਾਂ ਹਨ ਸੜਕਾਂ ਉਪਰ ਜੀਵਨ ਹੈ। ਜੀਵਨ ਦਾ ਕਦੇ ਵੀ ਨਾ ਰੁਕਣ ਵਾਲਾ ਪ੍ਰਵਾਹ ਹੈ। ਇਕ ਸੰਦੇਸ਼ ਹੈ—ਵਧੋ, ਵਧਦੇ ਚੱਲੋ, ਰੁਕ ਗਏ ਤਾਂ ਪਿਛਿਉਂ ਆ ਕੇ ਕੋਈ ਤੁਹਾਨੂੰ ਫਨ੍ਹਾਂ ਕਰ ਦੇਵੇਗਾ। ਅੱਗੇ ਵਧੋ ਜਾਂ ਪਾਸੇ ਹੱਟ ਜਾਉ, ਰਾਹ ਛੱਡ ਦਿਉ।...ਰਾਜੇਸ਼ ਨੂੰ ਲੱਗਦਾ ਹੈ ਕਿ ਜਿਸ ਤਰ੍ਹਾਂ ਉਸਨੂੰ ਜੀਵਨ ਪ੍ਰਵਾਹ 'ਚੋਂ ਚੁਕ ਕੇ ਬਾਹਰ ਵਗ੍ਹਾ ਮਾਰਿਆ ਗਿਆ ਹੋਵੇ। ਸਭ ਕੁਝ ਅੱਗੇ ਵੱਧਦਾ ਜਾ ਰਿਹਾ ਹੈ। ਪਰ ਉਹ ਇਕ ਥੱਕੇ ਹੋਏ ਖਿਡਾਰੀ ਵਾਂਗ ਟੀਮ ਵਿਚੋਂ ਛੁੱਟ ਗਿਆ।

ਟੀ. ਬੀ. ਸੈਂਟਰ ਦੇ ਸਾਹਮਣੇ ਹੀ ਬੱਸ ਸਟਾਪ ਹੈ। ਇਕੋ ਨੰਬਰ ਉਥੋਂ ਹੀ ਮਿਲਦੀ ਹੈ ਜੋ ਉਸ ਨੂੰ ਆਰੀਆ ਸਮਾਜ ਰੋਡ ਤਕ ਪਹੁੰਚਾ ਦਿੰਦੀ ਹੈ। ਉਥੇ ਲਾਗੇ ਹੀ ਇਕ ਬੀਹੀ ਵਿਚ ਉਸਦਾ ਮਕਾਨ ਹੈ। ਉਸ ਦੇ ਵੇਖਦੇ ਵੇਖਦੇ ਬੱਸ ਆਈ ਵੀ, ਪਰ ਉਸ ਵਿਚ ਚੜ੍ਹਿਆ ਨਹੀਂ, ਪੈਰਾਂ ਨੂੰ ਘਸੀਟਦਾ ਹੋਇਆ, ਸਹਿਜੇ ਸਹਿਜੇ ਤੁਰ ਕੇ ਉਹ ਇਥੇ ਪਾਰਕ ਵਿਚ ਆ ਬੈਠਾ ਹੈ। ਤੁਰਨ ਨਾਲ ਉਸ ਨੂੰ ਕਾਫੀ ਤਕਲੀਫ਼ ਹੁੰਦੀ ਹੈ। ਸਾਹ ਉੱਖੜਦਾ ਹੈ। ਇਹਦੇ ਨਾਲ ਭਾਵ ਥੋੜਾ ਜਿਹਾ ਵੀ ਝਟਕਾ ਲੱਗਣ ਨਾਲ ਉਹਦੇ ਸੀਨੇ ਵਿਚ ਚੀਸ ਪੈਂਦੀ ਹੈ। ਇਥੇ ਆ ਕੇ ਬੈਠਣ ਤੋਂ ਬਾਅਦ ਵੀ ਕਾਫੀ ਦੇਰ ਤਕ ਉਸ ਦਾ ਸਾਹ ਉਖੜਿਆ ਰਿਹਾ।... .. ਘਰ ਜਾਣ ਨੂੰ ਉਸ ਦਾ ਮਨ ਨਹੀਂ ਕਰਦਾ ਸੀ। ਇਕ ਵਿਚਿੱਤਰ ਜਿਹਾ ਭਾਰੀਪਨ ਉਹ ਅਨੁਭਵ ਕਰ ਰਿਹਾ ਸੀ। ਜੋ ਘਰ ਜਾ ਕੇ ਹੋਰ ਵੀ ਕਈ ਗੁਣਾਂ ਵੱਧ ਜਾਵੇਗਾ। ਸਵੇਰੇ ਜਦੋਂ ਘਰੋਂ ਤੁਰਿਆ ਸੀ ਤਾਂ ਉਸ ਦੇ ਮਨ ਵਿਚ ਉਤਸ਼ਾਹ ਸੀ। ਇਕ ਸੰਕਲਪ ਸੀ ਕਿ ਅੱਜ ਜ਼ਰੂਰ ਹੀ ਫੈਸਲਾ ਕਰਕੇ ਵਾਪਿਸ ਆਵੇਗਾ। ਪਿਛਲੇ ਕੁਝ ਦਿਨਾਂ ਤੋਂ ਉਹ ਇਸ ਵਾਸਤੇ ਜਾਣ-ਬੁਝ ਕੇ ਪਿੱਠ-ਭੂਮੀ ਵੀ ਤਿਆਰ ਕਰ ਰਿਹਾ ਸੀ। ਇਕਦਮ ਉਸ ਨੇ ਖੁਸ਼ ਰਹਿਣਾ ਸ਼ੁਰੂ ਕਰ ਦਿਤਾ ਸੀ। ਹਰ ਗੱਲ ਵਿਚ ਉਤਸ਼ਾਹ ਦਿਖਾਲਦਾ। ਵਾਰ ਵਾਰ ਕਹਿੰਦਾ ਹੁਣ ਤਾਂ ਉਹ ਠੀਕ ਹੋ ਗਿਆ ਹੈ ਅਤੇ ਛੇਤੀ ਉਸ ਨੂੰ ਵਾਪਿਸ ਕੰਮ 'ਤੇ ਚਲੇ ਜਾਣਾ ਚਾਹੀਦਾ ਹੈ। ਟੈਂਪਰੇਚਰ ਦੇਖਣ ਦਾ ਵਕਤ ਹੁੰਦਾ ਤਾਂ ਉਹ ਅਜੇਹਾ ਮੌਕਾ ਵੇਖਦਾ ਜਦ ਕੇ ਕੋਈ ਉਸ ਦੇ ਕੋਲ ਨਾ ਹੁੰਦਾ। ਇਕ ਵਾਰ ਵੀ ਉਸ ਨੇ ਪਾਰੇ ਨੂੰ 'ਨਾਰਮਲ' ਦੇ ਨਿਸ਼ਾਨ ਤੋਂ ਅੱਗੇ ਨਹੀਂ ਜਾਣ ਦਿਤਾ। ਵੀਰ, ਭਾਬੀ, ਮਾਂ, ਸਾਰਿਆਂ ਨੂੰ ਕੁਝ ਕੁਝ ਵਿਸ਼ਵਾਸ ਹੋ ਚੱਲਿਆ ਸੀ ਕਿ ਉਹ ਠੀਕ ਹੋ ਰਿਹਾ ਹੈ। ਸਾਰਿਆਂ ਦੇ ਵਿਵਹਾਰ 'ਚੋਂ ਸ਼ੁਕਰ ਅਤੇ ਆਸ ਦੀ ਕਿਰਨ ਨਿਕਲਣ ਲੱਗੀ ਸੀ। ਬਹੁਤ ਲੰਮੇ ਸਮੇਂ ਤੋਂ ਬਾਅਦ ਜਿਸ ਤਰ੍ਹਾਂ ਬੱਦਲ ਛੱਟਿਆ ਹੋਵੇ ਅਤੇ ਇਕ ਸਾਫ਼ ਸੁਥਰਾ ਅਸਮਾਨ ਦਿੱਸਣ ਲੱਗਿਆ ਹੋਵੇ।

ਆਸਮਾਨ ਉੱਝ ਵੀ ਅੱਜ ਸਾਫ਼ ਹੋ ਗਿਆ ਸੀ। ਪਿਛਲੇ ਕਈ ਦਿਨਾਂ ਤੋਂ ਲਗਾਤਾਰ ਬੱਦਲਾਂ ਨੇ ਉਸ ਨੂੰ ਚੁਫੇਰਿਉਂ ਘੇਰਿਆ ਹੋਇਆ ਸੀ। ਵਿਚ-ਵਾਰ ਮੀਂਹ ਪੈ ਜਾਂਦਾ ਸੀ। ਪਰ ਅੱਜ ਸਵੇਰ ਤੋਂ ਬੱਦਲ ਇੱਧਰ-ਉੱਧਰ ਛਿੱਟਕ ਗਏ ਸੀ। ਰਾਜੇਸ਼ ਜਿਥੇ ਬੈਠਾ ਸੀ, ਉਸ ਦੇ ਠੀਕ ਸਾਹਮਣੇ ਬੱਦਲਾਂ ਦੇ ਸਿਰਫ਼ ਇਕ ਦੋ ਵੱਡੇ ਛੋਟੇ ਟੁੱਕੜੇ ਬਿਖਰੇ ਹੋਏ ਸੰਨ। ਜਿਨ੍ਹਾਂ ਨਾਲ ਅਕਾਸ਼ ਦਾ ਨੀਲਾਪੰਨ ਹੋਰ ਵੀ ਗਹਿਰਾ ਹੋ ਗਿਆ ਸੀ। ਲੇਕਿਨ ਉਸ ਨੂੰ ਲੱਗ ਰਿਹਾ ਸੀ ਜਿਸ ਤਰ੍ਹਾਂ ਇਕ ਘਣੀ ਕਾਲੀ ਘਟਾ ਨੇ ਉਸ ਦੇ ਅੰਦਰ ਨੂੰ ਚਾਰੇ ਤਰਫ਼ੋਂ ਘੇਰ ਲਿਆ ਹੈ। ਘਟਾ-ਘੋਪ੍ਹ ਹਨੇਰਾ...ਤਿੰਨ ਮਹੀਨੇ! ਤੇ੍ ਹੋਰ ਵੀ ਤਿੰਨ ਮਹੀਨੇ। ਇਕ ਇਕ ਦਿਨ ਕੱਟਣਾ ਜਦ ਇੰਨਾਂ ਮੁਸ਼ਕਲ ਹੋ ਗਿਆ ਹੈ, ਤੱਦ ਤਿੰਨ ਮਹੀਨੇ ਕਿਸ ਤਰ੍ਹਾ ਲੰਘਣਗੇ। ਜਿੰਨਾਂ ਵੀ ਉਹ ਇਸ ਵਿਸ਼ੇ ਬਾਰੇ ਸੋਚਦਾ, ਉਸ ਦੇ ਅੰਦਰ ਦਾ ਭਾਰੀਪਨ ਹੋਰ ਵੀ ਵੱਧ ਜਾਂਦਾ। ਸਹਿਜੇ ਸਹਿਜੇ ਇਕ ਅਜੀਬ ਜਿਹੀ ਸਥਿੱਲ ਉਸ ਦੇ ਸਾਰੇ ਸਰੀਰ ਉਪਰ ਛਾ ਗਈ।... ਨਹੀਂ, ਉਹ ਘਰ ਨਹੀਂ ਜਾ ਸਕੇਗਾ। ਡਾਕਟਰ ਨੇ ਜੋ ਕੁਝ ਉਸ ਨੂੰ ਦੱਸਿਆ ਹੈ, ਉਹ ਕੁਝ ਲੈ ਕੇ ਉਹ ਉਥੇ ਜਾ ਸਕੇ ਇੰਨੀ ਸ਼ਕਤੀ ਉਸ ਵਿਚ ਨਹੀਂ। ਕਿਸ ਤਰ੍ਹਾਂ ਉਹ ਸਾਰਿਆਂ ਦੇ ਸਾਹਮਣੇ ਉਹ ਕੁਝ ਦੱਸ ਸਕਦਾ? ਉਹ ਜਾਣਦਾ ਹੈ ਕਿ ਦੱਸਣ ਤੋਂ ਬਾਅਦ ਵੀ ਕੁਝ ਨਹੀਂ ਹੋਣ ਲੱਗਾ। ਕੋਈ ਹਾਏ, ਤੌਬਾ ਨਹੀਂ ਹੋਵੇਗੀ। ਕੋਈ ਵਿਸ਼ੇਸ਼ ਹਲਚਲ ਵੀ ਨਹੀਂ ਹੋਣ ਲੱਗੀ। ਲੇਕਿਨ ਸਾਰੇ ਘਰ ਵਿਚ ਖਾਮੋਸ਼ੀ ਛਾ ਜਾਊਗੀ। ਦਮ ਘੁੱਟਣ ਵਾਲੀ ਖ਼ਾਮੋਸ਼ੀ। ਰਾਜੇਸ਼ ਉਸ ਖ਼ਾਮੋਸ਼ੀ ਨੂੰ ਖ਼ੂਬ ਜਾਣਦਾ ਹੈ। ਪਿਛਲੇ ਛਿਆਂ ਮਹੀਨਿਆਂ ਤੋਂ ਉਹ ਉਸੇ ਖ਼ਾਮੋਸ਼ੀ ਵਿਚ ਰਹਿੰਦਾ ਹੈ। ਉਹ ਜਾਣਦਾ ਹੈ ਕਿ ਘਰ ਦਾ ਕੋਈ ਵੀ ਕੰਮ ਨਹੀਂ ਰੁਕੇਗਾ। ਵੀਰ ਜੀ ਰੋਜ਼ ਸਵੇਰੇ ਦਫਤਰ ਜਾਣਗੇ। ਉਨ੍ਹਾਂ ਨੂੰ ਵਿਚ ਵਿਚ ਖੰਘ ਵੀ ਆਉਂਦੀ ਰਹੇਗੀ। ਆਉਂਦੇ-ਜਾਂਦੇ ਉਹ ਉਸ ਦੇ ਕੋਲ ਵੀ ਬੈਠਣਗੇ। ਉਸਦੇ ਟੈਂਪਰੇਚਰ ਚਾਰਟ ਨੂੰ ਦੇਖਣਗੇ। ਦਵਾਈ ਕਾਫੀ ਹੈ ਜਾਂ ਨਹੀਂ ਇਹ ਵੀ ਪੁੱਛਣਗੇ, ਹੋਰ ਵੀ ਇੱਧਰ-ਉੱਧਰ ਦੀਆਂ ਦੋ-ਚਾਰ ਗੱਲਾਂ ਕਰਨਗੇ ਅਤੇ ਫਿਰ ਚੁਪ ਚਾਪ ਉੱਠ ਕੇ ਚਲੇ ਜਾਣਗੇ। ਭਾਬੀ ਚੁੱਪ-ਚਾਪ ਸਵੇਰ ਨੂੰ ਦੁਧ ਦਾ ਗਲਾਸ ਅਤੇ ਉੱਬਲਿਆ ਹੋਇਆ ਅੰਡਾ ਉਸ ਕੋਲ ਰੱਖ ਜਾਵੇਗੀ। ਉਸ ਦੀ ਤਬੀਅਤ ਕਿਸ ਤਰ੍ਹਾਂ ਹੈ, ਇਹ ਵੀ ਪੁਛੇਗੀ। ਮਾਂ ਦੂਜੇ ਕਮਰੇ ਦੇ ਇਕ ਕੋਨੇ ਵਿਚ ਬੈਠੀ ਬੈਠੀ ਸਾਰੀ ਸਵੇਰ ਮਾਲਾ ਫੇਰਨ ਵਿਚ ਗੁਜ਼ਾਰ ਦੇਵੇਗੀ। ਸਾਰੀਆਂ ਤਰਕਾਲਾਂ ਉਸ ਦੇ ਮੰਜੇ ਕੋਲ ਰਹੇਗੀ ਅਤੇ ਕਦੇ ਉਸ ਦੀ ਪਿੱਠ ਉਪਰ ਅਤੇ ਕਦੇ ਉਸ ਦੇ ਸੀਨੇ ਉਪਰ ਆਯੋਡੇਕਸ ਮੱਲਦੀ ਰਹੇਗੀ। ਨਾਲ ਹੀ ਵਿਚ ਵਾਰ ਪੁਛਦੀ ਰਹੇਗੀ ਕਿ ਦਰਦ ਕੁਝ ਘੱਟਿਆ ਕਿ ਨਹੀਂ, ਕਿੰਤੂ ਉਸ ਦੇ ਇਹ ਕਹਿਣ ਉਪਰ ਵੀ ਕਿ ਉਸ ਨੂੰ ਦਰਦ ਨਹੀਂ ਹੈ ਉਹ ਮਲਣਾ ਬੰਦ ਨਹੀਂ ਕਰੇਗੀ। ਸ਼ਾਂਤੀ ਸਵੇਰੇ ਸ਼ਾਮ ਝਾੜੂ ਲੈ ਕੇ ਉਸ ਦੇ ਕਮਰੇ ਦੀ ਸਫ਼ਾਈ ਕਰ ਜਾਵੇਗੀ। ਅੱਠੀਂ-ਦਸੀਂ ਦਿਨੀਂ ਉਸ ਦੇ ਮੰਜੇ ਦੀ ਚਾਦਰ ਵੀ ਬਦਲ ਦੇਵੇਗੀ, ਜਾਂ ਕਦੇ ਆਪਣੀ ਕਿਸੇ ਸਹੇਲੀ ਦੀ ਨਾਵਲ-ਕਹਾਣੀ ਦੀ ਕੋਈ ਹਲਕੀ ਜਿਹੀ ਕਿਤਾਬ ਉਸ ਨੂੰ ਲਿਆ ਦੇਵੇਗੀ। ਦੋਵੇਂ ਮੁੰਡੇ ਕੈਲਾਸ਼ ਅਤੇ ਪ੍ਰਕਾਸ਼ ਸਾਰਾ ਦਿਨ ਮਕਾਨ ਦੇ ਦੂਜੇ ਬੱਚਿਆਂ ਨਾਲ ਵਿਹੜੇ ਵਿਚ ਸ਼ੋਰ-ਸ਼ਰਾਬਾ ਕਰਦੇ ਰਹਿਣਗੇ ਪਰ ਉਸ ਦੇ ਸਾਹਮਣੇ ਹੁੰਦੇ ਹੀ ਸਹਿਮ ਕੇ ਚੁਪ ਹੋ ਜਾਣਗੇ। ਸਵੇਰੇ-ਸ਼ਾਮ ਉਸ ਨੂੰ ਮੰਜੇ ਉਪਰ ਹੀ ਖਾਣਾ ਮਿਲਦਾ ਰਹੇਗਾ। ਸਾਰਾ ਕੁਝ ਹੋਵੇਗਾ, ਹਰ ਰੋਜ਼ ਹੋਵੇਗਾ, ਲੇਕਿਨ ਇਸ ਤਰ੍ਹਾਂ ਜਿਵੇਂ ਕੰਧ ਉਪਰ ਲਾਈ ਘੜੀ ਦਾ ਪੈਂਡੂਲਮ ਘੁੰਮਦਾ ਹੈ। ਇਕ ਸੈਕਿੰਡ ਇੱਧਰ, ਦੂਸਰ ਸੈਕਿੰਡ ਉੱਧਰ।...ਇਕ ਨਿਸ਼ਚਿਤ ਤੌਰ, ਨਿਸ਼ਚਿਤ ਕਰਮ, ਬੱਸ ਹੋਰ ਕੁਝ ਨਹੀਂ ਕੋਈ ਅਵਰੋਧ ਨਹੀਂ, ਕੋਈ ਰੁਕਾਵਟ ਵੀ ਨਹੀਂ,। ਨਾ ਕੋਈ ਹਾਸੀ, ਨਾ ਕਿਸੇ ਦੇ ਗਲ੍ਹ ਦੀ ਪੂਰੀ ਖੁਲ੍ਹੀ ਅਵਾਜ਼। ਉਸ ਨੂੰ ਯਾਦ ਹੈ ਕਿ ਪਹਿਲਾਂ ਭਾਬੀ ਦਾ ਹਾਸਾ ਸਾਰੇ ਘਰ ਵਿਚ ਗੂੰਜਦਾ ਹੁੰਦਾ ਸੀ। ਸ਼ਾਂਤੀ ਸ਼ਾਂਤੀ ਸਾਰਾ ਦਿਨ ਵਛੇਰੀ ਵਾਂਗ ਉੱਛਲਦੀ-ਕੁਦਦੀ ਰਹਿੰਦੀ ਸੀ, ਕਿੰਤੂ ਹੁਣ ਜਿਸ ਤਰ੍ਹਾਂ ਸਾਰਿਆਂ ਉਪਰ ਧੁੰਦ ਛਾ ਗਈ ਹੋਵੇ। ਇਕ ਅਜੇਹੀ ਖਾਮੋਸ਼ੀ ਸਾਰਿਆਂ ਦੇ ਵਿਚ ਆ ਖੜੀ ਹੋਈ ਜਿਸ ਦੀ ਦੀਵਾਰ ਨੂੰ ਪਾਰ ਨਹੀਂ ਕੀਤਾ ਜਾ ਸਕਦਾ ਸੀ।

ਲੇਕਿਨ ਵਿਚ-ਵਿਚਾਰ ਵਿਚ ਖਿਚੀਆਂ ਉਨ੍ਹਾਂ ਦੀਵਾਰਾਂ ਦੇ ਪਿਛੇ ਕੀ ਹੁੰਦਾ ਹੈ। ਰਾਜੇਸ਼ ਉਸ ਤੋਂ ਭਲੀ-ਭਾਂਤ ਜਾਣੂ ਹੈ। ਉਹ ਕੁਝ ਦੇਖਦਾ ਨਹੀਂ, ਲੇਕਿਨ ਉਸ ਨੂੰ ਸਾਰਾ ਕੁਝ ਦਿਸ ਜਾਂਦਾ ਹੈ। ਉਹ ਕੁਝ ਸੁਣਦਾ ਨਹੀਂ, ਪਰ ਉਸਨੂੰ ਸਭ ਕੁਝ ਸੁਣ ਪੈਂਦਾ ਹੈ। ਉਹ ਨਹੀਂ ਚਾਹੁੰਦਾ ਕਿ ਉਹ ਇਨ੍ਹਾਂ ਸਾਰੀਆ ਗੱਲਾਂ ਵੱਲ ਧਿਆਨ ਦੇਵੇ। ਉਹ ਚਾਹੁੰਦਾ ਹੈ ਕਿ ਉਸ ਨੂੰ ਖੁਸ਼ ਰਹਿਣਾ ਚਾਹੀਦਾ, ਅਰਾਮ ਕਰਨਾ ਚਾਹੀਦਾ, ਪ੍ਰੰਤੂ ਫਿਰ ਵੀ ਉਹ ਬਚ ਨਹੀਂ ਸਕਦਾ, ਬਚ ਸਕਣ ਦੀ ਜਗ੍ਹਾ ਵੀ ਨਹੀਂ ਹੈ। ਦੋ ਹੀ ਤਾਂ ਕਮਰੇ ਹਨ। ਸਾਹਮਣੇ ਛੋਟਾ ਜਿਹਾ ਬਰਾਂਡਾ, ਵੇਹੜਾ ਅਤੇ ਵੇਹੜੇ ਦੇ ਦੂਜੇ ਪਾਸੇ ਰਸੋਈ। ਕਿੰਨੀਆਂ ਵੀ ਕੰਧਾਂ ਕਿਉਂ ਨਾ ਹੋਣ, ਆਰ-ਪਾਰ ਦਾ ਸਾਰਾ ਕੁਝ ਦਿੱਸ ਪੈਂਦਾ ਹੈ।

ਵੇਹੜੇ ਵਿਚ ਦੁਪਹਿਰ ਤਕ ਧੁੱਪ ਨਹੀਂ ਆਉਂਦੀ। ਇਸ ਲਈ ਉਹ ਸਵੇਰੇ ਉੱਠਣ ਤੋਂ ਬਾਅਦ ਵੀ ਦੇਰ

ਤਕ ਉਥੇ ਲੇਟਿਆ ਰਹਿੰਦਾ ਹੈ। ਦੋਵੇਂ ਕਮਰੇ ਉਥੋਂ ਦਿੱਸਦੇ ਹਨ। ਰਸੋਈ ਦਾ ਅੰਦਰਲਾ ਹਿੱਸਾ ਦਿੱਸਦਾ ਹੈ। ਇਥੋਂ ਤੱਕ ਕਿ ਵੇਹੜੇ ਦੇ ਦੂਜੇ ਪਾਸੇ ਜਿਨ੍ਹਾਂ ਕਮਰਿਆਂ ਵਿਚ ਮਲਹੋਤਰਾ ਅਤੇ ਉਸ ਦਾ ਟੱਬਰ ਰਹਿੰਦੇ ਹਨ, ਉਨ੍ਹਾਂ ਦੇ ਅੰਦਰ ਤੱਕ ਦਾ ਦ੍ਰਿਸ਼ ਰਾਜੇਸ਼ ਨੂੰ ਦਿਖਾਈ ਦਿੰਦੇ ਹਨ। ਉਪਰ ਵੀ ਕਮਰੇ ਹਨ। ਰਾਜੇਸ਼ ਉਨ੍ਹਾਂ ਸਾਰਿਆਂ ਨੂੰ ਜਾਣਦਾ ਹੈ। 'ਲਾਈਫ਼ ਇੰਨਸ਼ੋਰੈਂਸ' ਵਾਲਾ ਭਜਨ ਲਾਲ ਹੈ। 'ਰੋਡਵੇਜ਼' ਵਾਲਾ ਹਰੀਚੰਦ ਹੈ। ਟੈਕਸੀ ਡਰਾਈਵਰ ਹਰਨਾਮ ਸਿੰਘ । ਇਹ ਸਭ ਵੀ ਉਸ ਨੂੰ ਜਾਣਦੇ ਹਨ । ਆਉਂਦੇ-ਜਾਂਦੇ ਜਾਂ ਕਦੇ ਕਦੇ ਉਪਰ ਛੱਜੇ ਉੱਤੇ ਖੜੇ ਖੜੇ ਉਸ ਨਾਲ ਨਜ਼ਰਾਂ ਮਿਲ ਜਾਂਦੀਆਂ ਹਨ ਤਾਂ ਰੁਕ ਕੇ ਉਸ ਦਾ ਹਾਲ ਚਾਲ ਪੁੱਛਦੇ ਹਨ। ਰਾਜੇਸ਼ ਉਨ੍ਹਾਂ ਸਾਰਿਆਂ ਤੋਂ ਅੱਖਾਂ ਚਰਾਉਂਦਾ ਹੈ। ਉਸ ਨੂੰ ਬੇਅਰਾਮੀ ਹੁੰਦੀ ਹੈ। ਉਹ ਜਾਣਦਾ ਹੈ ਕਿ ਸਿਵਾਏ ਹਾਲ-ਚਾਲ ਪੁਛਣ ਦੇ ਉਹ ਕੁਝ ਕਰ ਵੀ ਨਹੀਂ ਸਕਦੇ। ਇੰਨਾ ਕਰਦੇ ਹਨ, ਇਹ ਹੀ ਬਹੁਤ ਹੈ ਪ੍ਰੰਤੂ ਫਿਰ ਵੀ ਉਸਨੂੰ ਇਹ ਚੰਗਾ ਨਹੀਂ ਲੱਗਦਾ। ਉਹ ਨਹੀਂ ਚਾਹੁੰਦਾ ਕਿ ਲੋਕ ਦੁਖੀ ਹੋਣ।

ਪਰ ਬਗੈਰ ਤਕਲੀਫ਼ ਦੇਣ ਦੇ ਹੋਰ ਉਹ ਕਰ ਵੀ ਕੀ ਰਿਹਾ ਹੈ। ਸਾਰੇ ਹੀ ਉਸ ਲਈ ਤਕਲੀਫ਼ ਝੱਲ ਰਹੇ ਹਨ। ਅੱਜ ਹੀ ਨਹੀਂ! ਪੜ੍ਹਾਈ ਪੂਰੀ ਕਰਕੇ ਦੋ ਸਾਲ ਉਂਝ ਹੀ ਬੈਠਾ ਰਿਹਾ ਸੀ। ਸੈਂਕੜੇ ਅਰਜ਼ੀਆਂ ਲਿਖਣ ਅਤੇ ਘੰਟਿਆਂ ਬੱਧੀ ਐਕਸਚੇਂਜ ਦੇ ਬਾਹਰ ਖੜੇ ਰਹਿਣ ਤੋਂ ਬਾਅਦ ਤਾਂ ਉਸ ਨੂੰ ਇਕ ਨੌਕਰੀ ਮਿਲੀ ਸੀ। ਸੋਚਿਆ ਸੀ ਕਿ ਜੀਵਨ 'ਚ ਕੁਝ ਸਾਰਥਿੱਕਤਾ ਆਵੇਗੀ। ਕਿੰਤੂ ਸਾਲ ਵੀ ਪੂਰਾ ਨਹੀਂ ਹੋਇਆ ਸੀ ਕਿ ਉਹ ਬੀਮਾਰ ਹੋ ਗਿਆ। ਬੀਮਾਰੀ ਵੀ ਕੋਈ ਐਸੀ-ਵੈਸੀ ਨਹੀਂ, ਪਲੂਰਿਸ਼ੀ। ਤੇ ਛੇ ਮਹੀਨੇ ਮੰਜੇ ਉਪਰ ਕੱਟਣ ਤੋਂ ਬਾਅਦ ਡਾਕਟਰ ਕਹਿੰਦਾ ਹੈ ਕਿ ਟੀ.ਬੀ. ਦਾ ਸੰਦੇਹ ਹੈ। ਘਰਦਿਆਂ ਉਪਰ ਹੁਣ ਤੱਕ ਬੋਝ ਬਣਕੇ ਹੀ ਤਾਂ ਰਿਹਾ ਹੈ ਉਹ। ਠੀਕ ਹੈ, ਕੋਈ ਉਸ ਨੂੰ ਦੱਸਦਾ ਨਹੀਂ, ਖਾਮੋਸ਼ੀ ਦੀਆਂ ਕੰਧਾਂ ਵਿਚਕਾਰ ਹਨ, ਲੇਕਿਨ ਕੀ ਉਸ ਤੋਂ ਕੁਝ ਛੁਪਿਆ ਹੈ।...ਮਹੀਨਾ ਗੁਜ਼ਰਿਆ ਹੈ। ਭਾ ਤਨਖਾਹ ਲਿਆਇਆ ਹੈ, ਪਰ ਉਸ ਦੇ ਨਾਲ ਹੀ ਫ਼ਿਕਰ ਹੋਰ ਵਧ ਗਿਆ ਹੈ। ਕਿਸ ਨੂੰ ਦਿੱਤਾ ਜਾਵੇ ਅਤੇ ਕਿਸ ਨੂੰ ਛੱਡਿਆ ਜਾਵੇ। ਵੇਹੜੇ ਵਿਚ ਜਿੱਥੇ ਉਸ ਦਾ ਮੰਜਾ ਹੈ, ਉਥੋਂ ਬੀਹੀ ਦਾ ਦਰਵਾਜ਼ਾ ਕੋਈ ਜ਼ਿਆਦਾ ਦੂਰ ਨਹੀਂ। ਆਂਡਿਆਂ ਵਾਲਾ ਹਿਸਾਬ ਦੇ ਪੈਸੇ ਮੰਗਦਾ ਹੈ, ਇਹ ਰਾਜੇਸ਼ ਬਾ-ਖ਼ੂਬ ਸੁਣ ਲੈਂਦਾ ਹੈ। ਭਾਬੀ ਅਹਿਸਤਾ ਜਿਹੇ ਉਸ ਨੂੰ ਪਤਾ ਨਹੀਂ ਕੀ ਕਹਿੰਦੀ ਹੈ, ਇਹ ਸੁਣਦਾ ਤਾਂ ਨਹੀਂ, ਪਰ ਸਮਝਣ ਵਿਚ ਰਾਜੇਸ਼ ਨੂੰ ਕੋਈ ਔਖ ਨਹੀਂ ਹੁੰਦੀ। ਅਤੇ ਸਮਝਣ 'ਤੇ ਵੀ ਉਹ ਚੁਪ ਰਹਿੰਦਾ ਹੈ। ਭਜਨ ਲਾਲ, ਹਰੀ ਚੰਦ ਅਤੇ ਹਰਨਾਮ ਸਿੰਘ ਜਿਨ੍ਹਾਂ ਕਮਰਿਆਂ ਵਿਚ ਰਹਿੰਦੇ ਹਨ, ਉਸ ਤੋਂ ਵੀ ਉਪਰ ਅਸਮਾਨ ਦੇ ਉਸ ਬੇਢੰਗੇ ਜਿਹੇ ਟੁਕੜੇ ਨੂੰ ਉਹ ਚੁਪ-ਚਾਪ ਦੇਖਣ ਲੱਗਦਾ ਹੈ। ਜੋ ਉਸ ਨੂੰ ਉਥੋਂ ਦਿੱਸਦਾ ਹੈ—ਜ਼ਿਆਦਾ ਮਟਮੈਲਾ ਅਕਾਸ਼। ਬਹੁਤ ਉਚਾਈ 'ਤੇ ਇੱਲਾਂ ਦਾ ਇਕ ਵੱਡਾ ਸਾਰਾ ਝੁੰਡ ਚੱਕਰ ਕੱਟ ਰਿਹਾ ਹੈ। ਰਾਜੇਸ਼ ਉਨ੍ਹਾਂ ਨੂੰ ਗਿਣਨ ਦਾ ਯਤਨ ਕਰਦਾ ਹੈ—ਨਿਰਾਰਥ ਅਸਫ਼ਲ ਯਤਨ। ਥੋੜੇ ਸਮੇਂ ਤੱਕ ਹੀ ਗਿਣ ਸਕਦਾ ਹੈ ਕਿ ਸਭ ਕੁਝ ਗੜ-ਬੜ ਹੋ ਜਾਂਦਾ ਹੈ। ਇਲਾਂ ਇੰਨੀ ਤੇਜ਼ੀ ਨਾਲ ਚੱਕਰ ਕੱਟਦੀਆਂ ਹਨ ਕਿ ਉਸ ਤੋਂ ਗਿਣਤੀ ਦਾ ਹਿਸਾਬ ਨਹੀਂ ਰੱਖਿਆ ਜਾਂਦਾ, ਮਤਲਬ ਕਿ ਉੱਡਦੀਆਂ ਉੱਡਦੀਆਂ ਇੱਲਾਂ ਅਕਾਸ਼ ਦੇ ਉਸ ਟੁਕੜੇ ਤੋਂ ਬਾਹਰ ਚਲੀਆਂ ਜਾਂਦੀਆਂ ਹਨ ਜੋ ਕਿ ਉਸ ਨੂੰ ਦਿੱਸਦਾ ਨਹੀਂ, ਤੇ ਫਿਰ ਰਾਜੇਸ਼ ਇੰਤਜ਼ਾਰ ਕਰਦਾ ਹੈ ਕਿ ਉਹ ਫਿਰ ਕੱਦ ਆਉਣਗੀਆਂ।

ਆਉਂਦੀ ਹੈ ਭਰਜਾਈ। ਇਕ ਹੱਥ ਵਿਚ ਦੁਧ ਦਾ ਗਿਲਾਸ ਅਤੇ ਦੂਜੇ ਵਿਚ ਚੀਨੀ ਦੀ ਪਲੇਟ ਲਈ। ਪਲੇਟ ਵਿਚ ਉੱਬਲਿਆ ਅੰਡਾ। ਰਾਜੇਸ਼ ਉੱਠ ਕੇ ਬੈਠ ਜਾਂਦਾ ਹੈ। ਕੋਲ ਹੀ ਸਟੂਲ ਉਪਰ ਦੋਨੋਂ ਚੀਜ਼ਾਂ ਰੱਖ ਕੇ ਭਾਬੀ ਜਾਣ ਲੱਗਦੀ ਹੈ ਤਾਂ ਉਹ ਅਣਮੰਨੇ ਜਿਹੇ ਕਹਿ ਉਠਦਾ ਹੈ, "ਕੱਦ ਤਕ ਇਹ ਅੰਡਾ ਖਾਣਾ ਪਵੇਗਾ ?"

ਭਰਜਾਈ ਰੁਕ ਜਾਂਦੀ ਹੈ,"ਕਿਉਂ, ਕੀ ਹੋਇਆ ?"

"ਬਿਲਕੁਲ ਚੰਗਾ ਨਹੀਂ ਲੱਗਦਾ। ਮਨ ਭਰ ਗਿਆ ਹੈ ਖਾਂਦੇ ਖਾਂਦੇ। ਬੰਦ ਕਰ ਦਿਉ ਭਾਬੀ ਜੀ ਹੁਣ ਤਾਂ।"

ਭਾਬੀ ਨੂੰ ਜਿਸ ਤਰ੍ਹਾਂ ਪਤਾ ਲੱਗ ਜਾਂਦਾ ਹੈ ਕਿ ਉਸ ਨੇ ਅੰਡੇ ਵਾਲੇ ਨਾਲ ਹੋਈ ਉਹਦੀ ਗੱਲਬਾਤ ਸੁਣ ਲਈ ਹੈ। ਬੁਝੀ ਹੋਈ ਅਵਾਜ਼ 'ਚ ਕਹਿੰਦੀ ਹੈ, "ਬੰਦ ਕਿਸ ਤਰ੍ਹਾਂ ਕਰ ਸਕਦੇ ਹਾਂ, ਡਾਕਟਰ ਨੇ ਜੁ ਦੱਸਿਆ ਹੈ। ਉਹ ਤਾਂ ਕਰਨਾ ਹੀ ਚਾਹੀਦਾ।"

"ਡਾਕਟਰ ਦਾ ਕੀ ਹੈ। ਉਹ ਤਾਂ ਕਹਿੰਦਾ ਹੀ ਰਹਿੰਦਾ ਹੈ...।"

"ਵਾਹ! ਡਾਕਟਰ ਕੀ ਐਵੇਂ ਹੀ ਕਹਿੰਦਾ ਹੈ। ਤਾਕਤ ਵਾਲੀਆਂ ਚੀਜ਼ਾਂ ਨਾ ਖਾਵੇਂਗਾ ਤਾਂ ਅਰਾਮ ਕਿਸ ਤਰ੍ਹਾਂ ਆਵੇਗਾ।"

"ਤਾਕਤ ਕੀ ਅੰਡੇ ਵਿਚ ਹੀ ਹੁੰਦੀ ਹੈ। ਤੂ ਨੇਮ-ਧਰਮ ਵੀ...।'

ਭਾਬੀ ਫਿਰ ਵਿਚੋਂ ਹੀ ਗੱਲ ਕੱਟ ਦਿੰਦੀ ਹੈ। "ਨੇਮ-ਧਰਮ ਕੁਝ ਨਹੀਂ ਹੁੰਦਾ। ਫ਼ਰਜ਼ ਤੋਂ ਵੀ ਵੱਡਾ ਧਰਮ ਹੁੰਦਾ ਹੈ ਕੀ ? ਪਰ ਤੈਨੂੰ ਇਹ ਸਭ ਸੋਚਣ ਦੀ

ਕੀ ਜ਼ਰੂਰਤ ਹੈ ? ਇਸ ਤਰ੍ਹਾਂ ਪੁਠੀਆਂ-ਸਿੱਧੀਆਂ ਗੱਲਾਂ ਸੋਚਦਾ ਰਹਿੰਨਾਂ ! ਇਸ ਕਰਕੇ ਹੀ ਤਾਂ ਫਾਇਦਾ ਨਹੀਂ ਹੁੰਦਾ ।

ਨਹੀਂ, ਉਹ ਸੋਚਣਾ ਨਹੀਂ ਚਾਹੁੰਦਾ । ਕੁਝ ਸੁਣਨਾ ਚਾਹੁੰਦਾ ? ਜੋ ਕੁਝ ਦੇਖਦਾ ਹੈ ਉਸ ਨਾਲ ਆਤਮੀ-ਗਿਲਾ ਹੋਰ ਵੀ ਵੱਧ ਜਾਂਦਾ ਹੈ । ਲੇਕਿਨ ਸਾਰਾ ਕੁੱਝ ਤਾਂ ਉਸ ਦੀਆਂ ਅੱਖਾਂ ਦੇ ਸਾਹਮਣੇ ਹੁੰਦਾ ਹੈ । ਉਹ ਕਿਸ ਤਰ੍ਹਾਂ ਭੁੱਲ ਜਾਵੇ ਕਿ ਭਾਬੀ ਨੇ ਜ਼ਿੰਦਗੀ ਭਰ ਕਦੇ ਅੰਡੇ ਨੂੰ ਜੀ ਭਰ ਕੇ ਵੀ ਨਹੀਂ ਦੇਖਿਆ ਸੀ । ਹੁਣ ਉਹੀ ਭਾਬੀ ਗਲੀ ਵਿਚ ਖੜੋ ਕੇ ਅੰਡੇ ਖਰੀਦਦੀ ਹੈ । ਵੱਖਰੇ ਬਰਤਨ ਵਿਚ ਉਨ੍ਹਾਂ ਨੂੰ ਉਬਾਲਦੀ ਹੈ । ਹੁਣ ਉਹੀ ਭਾਬੀ ਗਲੀ ਵਿਚ ਖੜੋ ਕੇ ਅੰਡੇ ਖਰੀਦਦੀ ਹੈ । ਵੱਖਰੇ ਬਰਤਨ ਵਿਚ ਉਨ੍ਹਾਂ ਨੂੰ ਉਬਾਲਦੀ ਹੈ । ਚਿਮਟੇ ਨਾਲ ਕੱਢਕੇ ਪਲੇਟ ਵਿਚ ਰੱਖਕੇ ਉਨ੍ਹਾਂ ਨੂੰ ਲਿਆਉਣਾ, ਖਾ ਚੁਕਣ ਬਾਅਦ, ਬਾਹਰ ਗਲੀ ਵਿਚ ਪਲੇਟ ਝਾੜਕੇ ਛਿਲਾਂ ਸਿੱਟਣੀਆਂ, ਇਹ ਸਭ ਕੁਝ ਹਰ ਰੋਜ਼ ਹੁੰਦਾ ਹੈ । ਪਰ ਮਜ਼ਾਲ ਕਿ ਅੰਡੇ ਦੀ ਛਿੱਲ ਵੀ ਭਾਬੀ ਦੇ ਹੱਥ ਨੂੰ ਛੂਹ ਜਾਏ । ਜਦ ਇਹ ਸਭ ਨਿਪਟ ਜਾਂਦਾ ਹੈ ਤਾਂ ਬਾਲਟੀ ਭਰਕੇ ਪਾਣੀ ਵਿਚ ਦੋ-ਚਾਰ ਬੂੰਦਾਂ ਗੰਗਾ ਜ਼ਲ ਦੀਆਂ ਪਾ ਕੇ ਇਸ਼ਨਾਨ ਵੀ ਕਰਦੀ ਹੈ । ਪ੍ਰੰਤੂ ਫਿਰ ਵੀ ਉਸ ਦਾ ਫਰਜ਼ ਧਰਮ ਤੋਂ ਵੱਡਾ ਹੀ ਰਹਿੰਦਾ ਹੈ ।

...ਗਿਲਾਸ ਅਤੇ ਪਲੇਟ ਉੱਥੇ ਛੱਡਕੇ ਭਾਬੀ ਚਲੀ ਜਾਂਦੀ ਹੈ ਤਾਂ ਰਾਜੇਸ਼ ਅੰਡਾ ਛਿੱਲਦਾ ਹੈ । ਨਮਕ ਲਾਕੇ ਖਾਂਦਾ ਹੈ । ਦੁਧ ਪੀਂਦਾ ਹੈ ਅਤੇ ਜਲਦੀ ਨਾਲ ਬਰਤਨ ਹੇਠਾਂ ਰੱਖ ਕੇ ਫਿਰ ਲੇਟ ਜਾਂਦਾ ਹੈ, ਜਿਵੇਂ ਕਿ ਕੋਈ ਅਪਰਾਧ ਕੀਤਾ ਹੋਵੇ । ਸਿਰ ਉਠਾਕੇ ਉਸ ਤੋਂ ਰਸੋਈ ਵੱਲ ਦੇਖਿਆ ਤਕ ਨਹੀਂ ਜਾਂਦਾ । ਸਾਹਮਣੇ ਹੀ ਪ੍ਰਕਾਸ਼ ਅਤੇ ਕੈਲਾਸ਼ ਚਾਹ ਦੇ ਗਿਲਾਸ ਵਿਚ ਰੋਟੀ ਭਿਉਂ ਭਿਉਂ ਕੇ ਖਾ ਰਹੇ ਹੁੰਦੇ ਹਨ । ਉਨ੍ਹਾਂ ਨਾਲ ਅੱਖ ਮਿਲਾ-ਉਣੋਂ ਉਹ ਸੰਕੋਚ ਕਰਦਾ ਹੈ । ਹੁਣੇ ਕੁਝ ਮਹੀਨੇ ਪਹਿਲਾਂ ਤਕ ਉਹ ਦੋਵੇਂ ਦੁਧ ਪੀਂਦੇ ਸਨ । ਹੁਣ ਰਾਜੇਸ਼ ਤੋਂ ਇਲਾਵਾ ਹੋਰ ਕਿਸੇ ਨੂੰ ਘਰ ਵਿਚ ਦੁਧ ਨਹੀਂ ਮਿਲਦਾ । ਕੋਈ ਵੀ ਇਹ ਗੱਲਾਂ ਉਸ ਨਾਲ ਨਹੀਂ ਕਰਦਾ, ਪ੍ਰੰਤੂ ਇਸ ਤਰ੍ਹਾਂ ਕੀ ਉਹ ਇਨ੍ਹਾਂ ਤੋਂ ਅਣਭਿੱਜ ਰਹਿ ਸਕਦਾ ਹੈ । ਕੀ ਉਹ ਨਹੀਂ ਵੇਖਦਾ ਕਿ ਹਮੇਸ਼ਾ ਸੁਬਾ-ਸ਼ਾਮ ਸਬਜ਼ੀ ਦੇ ਬਜਾਏ ਦਾਲ ਹੀ ਬਣਦੀ ਹੈ । ਪਰ ਹਰ ਦਿਨ ਦੇ ਤੀਜੇ ਪਹਿਰ ਉਸ ਨੂੰ ਕੇਲਾ ਜਾਂ ਸੰਤਰਾ ਖਾਣਾ ਹੀ ਪੈਂਦਾ ਹੈ । ਵੀਰ ਜੀ ਜਦ ਖੰਘਦੇ ਹਨ ਤਾਂ ਕੀ ਉਸ ਨੂੰ ਸੁਣਦਾ ਨਹੀਂ । ਪਿਛਲੇ ਕੁਝ ਮਹੀਨਿਆਂ ਤੋਂ ਉਹ ਕਿੰਨੇ ਕਮਜ਼ੋਰ ਹੋ ਗਏ ਹਨ । ਇਸ ਨੂੰ ਕੋਸ਼ਿਸ਼ ਕਰਕੇ ਵੀ ਕੀ ਉਹ ਛੁਪਾ ਸਕਦੇ ਹਨ ।...ਉਸ ਦਿਨ ਉਹਦੇ ਕੋਲ ਆ ਕੇ ਬੈਠੇ ਸੀ ਤਾਂ ਉਸ ਨੇ ਇਲਾਜ ਬਾਰੇ ਕਿਹਾ ਸੀ ।

"ਕਿਉਂ, ਮੈਨੂੰ ਕੀ ਹੋਇਆ ਹੈ ? ਆਪਣੇ ਨਾਲ ਮੈਨੂੰ ਵੀ ਬਿਮਾਰ ਕਰਨ ਦਾ ਇਰਾਦਾ ਹੈ ?" ਉਨ੍ਹਾਂ ਹੱਸ ਕੇ ਟਾਲਣ ਦੀ ਕੋਸ਼ਿਸ ਕੀਤੀ ਸੀ ।

"ਨਹੀਂ, ਬਿਮਾਰ ਨਹੀਂ । ਫਿਰ ਵੀ ਇਸ ਖੰਘ ਦਾ ਵੱਧਣਾ ਚੰਗੀ ਗੱਲ ਹੈ ਕੀ ?"

"ਯਾਰਾ ਮਾੜੀ ਜਿਹੀ ਤਾਂ ਖੰਘ ਹੈ, ਕੀ ਇਸ ਦਾ ਵੀ ਫ਼ਿਕਰ ਕਰੀਏ ।"

"ਮਮੂਲੀ ਨਹੀਂ...।"

"ਚੰਗਾ, ਜ਼ਿਆਦਾ ਫ਼ਿਕਰ ਨਾ ਕਰ । ਅੱਜ ਦਵਾ ਲੈ ਆਵਾਂਗਾ, ਡਿਸਪੈਂਸਰੀ ਤੋਂ ।"

ਤੇ ਰਾਜੇਸ਼ ਨੇ ਸੋਚਿਆ ਸੀ ਕਿ ਇਕ ਵਾਰ ਉਹ ਠੀਕ ਹੋ ਜਾਵੇ ਤਾਂ ਵੀਰ ਜੀ ਨੂੰ ਉਹ ਵੱਡੀਆਂ ਛੁਟੀਆਂ ਦਿਵਾਊਗਾ । ਜਿਨ੍ਹਾਂ ਵਿਚ ਉਹ ਬਹੁਤ ਜ਼ਿਆਦਾ ਅਰਾਮ ਕਰ ਸਕਣ ।

ਪ੍ਰੰਤੂ ਇਹ ਤਾਂ ਇਕ ਵਿਚਾਰ ਮਾਤਰ ਸੀ । ਉਹ ਤਾਂ ਕੁਝ ਹੋਰ ਸੋਚ ਰਹੇ ਸਨ । ਤੇ ਜੋ ਉਹ ਸੋਚ ਰਹੇ ਸਨ, ਉਹ ਵੀ ਕਿਹੜਾ ਉਨ੍ਹਾਂ ਮੂੰਹ ਖੋਲ੍ਹ ਕੇ ਉਸ ਨੂੰ ਦੱਸਿਆ ਸੀ । ਉਹ ਤਾਂ ਬੱਸ ਉਸ ਨੂੰ ਸੁਣ ਪਿਆ ਸੀ, ਜਿਸ ਤਰ੍ਹਾਂ ਹੋਰ ਬਹੁਤ ਸਾਰੀਆਂ ਗੱਲਾਂ ਉਸ ਦੇ ਕੰਨੀਂ ਪੈ ਜਾਂਦੀਆਂ ਹਨ ।

ਰਾਤ ਅੱਧੇ ਚੰਨ ਦੀ ਸੀ ਪਰ ਬੱਦਲਾਂ ਨੇ ਵਿਚਾਰੇ ਨੂੰ ਤ੍ਰਿਕਾਲਾਂ ਤੋਂ ਹੀ ਤੰਗ ਕਰ ਰੱਖਿਆ ਸੀ । ਥੋੜੇ ਚਿਰ ਲਈ ਵੀ ਉਸ ਨੂੰ ਖੁਲ੍ਹ ਕੇ ਚਮਕਣ ਨਹੀਂ ਦਿੱਤਾ ਸੀ । ਵਿਚ-ਵਾਰ ਬੂੰਦਾ-ਬਾਂਦੀ ਵੀ ਹੋ ਜਾਂਦੀ । ਹਵਾ ਵਿਚ ਠੰਢਕ ਸੀ । ਰਾਜੇਸ਼ ਬਾਹਰ ਵਰਾਂਡੇ ਵਿਚ ਹੀ ਮੰਜੀ ਡਾਹੀ ਪਿਆ ਸੀ । ਰਸੋਈ ਦਾ ਕੰਮ ਮੁਕਾ ਕੇ ਜਦ ਤੱਕ ਭਾਬੀ ਆਈ ਤੱਦ ਤਕ ਸਾਰੇ ਮਕਾਨ ਵਿਚ ਸੰਨਾਟਾ ਛਾ ਗਿਆ ਸੀ । ਇਕ ਪਲ ਉਹ ਉਸਦੇ ਪਾਸ ਅੱਟਕੀ । ਝੁੱਕ ਕੇ ਉਸ ਉਪਰ ਚਾਦਰ ਦਿੱਤੀ ਅਤੇ ਫਿਰ ਕਮਰੇ ਵਿਚ ਚਲੀ ਗਈ । ਰਾਜੇਸ਼ ਜਾਗ ਰਿਹਾ ਸੀ ਪਰ ਚੁਪ-ਚਾਪ ਪਿਆ ਰਿਹਾ ।

ਅੰਦਰ ਮੰਜੇ ਦੀ ਅਵਾਜ਼ ਆਈ । ਪ੍ਰਕਾਸ਼ ਦੇ ਨਾਲ ਸ਼ਾਇਦ ਭਾਬੀ ਜਾ ਪਈ ਸੀ । ਥੋੜਾ ਚਿਰ ਬਿਲਕੁਲ ਖਾਮੋਸ਼ੀ ਰਹੀ ।

"ਮੈਂ ਕਿਹਾ ਜੀ ਸੁਣਦੇ ਓ, ਸੌਂ ਗਏ ਕੀ ?", ਭਾਬੀ ਦੀ ਅਵਾਜ਼ ! ਬਿਲਕੁਲ ਮੱਧਮ ਅਵਾਜ਼, ਪ੍ਰੰਤੂ ਰਾਜੇਸ਼ ਨੂੰ ਸਪੱਸ਼ਟ ਸੁਣਾ ਰਿਹਾ ਸੀ ।

"ਨਹੀਂ, ਕੀ ਹੈ ?"

"ਇਸ ਮਹੀਨੇ ਕਿਤਿਉਂ ਚਾਲੀ-ਪੰਜਾਹ ਰੁਪਏ ਜ਼ਿਆਦਾ ਨਹੀਂ ਲਿਆ ਸਕਦੇ ?"

"ਕਿਉਂ ?"

"ਆਂਡਿਆਂ ਵਾਲੇ ਦਾ ਹਿਸਾਬ ਪਿਛਲੇ ਮਹੀਨੇ ਚੁਕਦਾ ਨਹੀਂ ਕੀਤਾ ਸੀ। ਦੁਕਾਨਦਾਰ ਅਤੇ ਦੁਧ ਵਾਲੇ ਦਾ ਵੀ ਬਕਾਇਆ ਹੈ। ਇਸ ਵਾਰ ਵੀ ਨਹੀਂ ਦਿਤਾ ਤਾਂ ਕੀ ਸੋਚਣਗੇ।"

ਵੀਰ ਚੁਪ ਸੀ।

"ਨਾ ਹੋਵੇ ਤਾਂ ਮਾਲਕ ਮਕਾਨ ਨੂੰ ਹੀ ਕਹਿ ਵੇਖੋ। ਇਸ ਮਹੀਨੇ ਦਾ ਕਰਾਇਆ ਸਿਰ ਚੜ੍ਹਦਾ ਰਹਿਣ ਦਿਉ।"

"ਦੇਖੂੰਗਾ।" ਥੋੜ੍ਹਾ ਰੁਕ ਕੇ ਬੋਲਿਆ, "ਰਾਜੂ ਨੂੰ ਤਾਂ ਨਹੀਂ ਪਤਾ ਨਾ ਇਸ ਸਭ ਕੁਝ ਦਾ ?"

"ਮੈਂ ਤਾਂ ਦੱਸਿਆ ਨਹੀਂ ਹੈ।"

"ਬਸ ਇਸ ਮਹੀਨੇ ਹੀ ਦਿਕੱਤ ਹੈ। ਅਗਲੇ ਮਹੀਨੇ ਤਾਂ ਸ਼ਾਇਦ ਸਹੂਲਤ ਹੋ ਜਾਵੇਗੀ; ਲੋਕਾਂ ਨੂੰ ਕਿਹਾ ਹੋਇਆ ਹੈ। ਕਿਤੇ ਇਕ ਦੋ ਘੰਟਿਆਂ ਦਾ ਪਾਰਟ ਟਾਇਮ ਕੰਮ ਮਿਲ ਜਾਵੇ।"

"ਤੁਸੀ ਹੁਣ ਹੋਰ ਕੰਮ ਕਰਿਆ ਕਰੋਗੇ ? ਅੱਗੇ ਦਿਨ ਭਰ ਮੇਹਨਤ ਘੱਟ ਕਰਨੀ ਪੈਂਦੀ ਹੈ ਕੀ ?" ਹੈਰਾਨੀ ਨਾਲ ਭਾਬੀ ਦੀ ਅਵਾਜ਼ ਤੇਜ਼ ਹੋ ਗਈ।

"ਸਹਿਜੇ ਬੋਲ ! ਸਾਰਿਆਂ ਨੂੰ ਜਗਾਉਣਾ ਕੀ ?"

"ਸੁਣੋ ਜੀ, ਮੈਂ ਕਹਿੰਦੀ ਹਾਂ, ਕੀ ਤੁਹਾਨੂੰ ਆਪਣੀ ਸੇਹਤ ਦਾ ਬਿਲਕੁਲ ਹੀ ਖਿਆਲ ਨਹੀਂ ਹੈ ? ਖੰਘ ਦਾ ਇਲਾਜ ਤਾਂ ਦੂਰ ਰਿਹਾ, ਹੁਣ ਹੋਰ ਵੀ ਕੰਮ ਕਰਨਗੇ। ਤੁਸੀ ਅਗਰ ਮੰਜਾ ਮੱਲ ਲਿਆ ਤਾਂ...।"

"ਮੈਂ ਕਿਹੜਾ ਉਮਰ ਭਰ ਦਾ ਠੇਕਾ ਲੈ ਰਿਹਾਂ। ਥੋੜੇ ਦਿਨਾਂ ਦੀ ਹੀ ਤਾਂ ਗੱਲ ਹੈ। ਰਾਜੂ ਜ਼ਰਾ ਠੀਕ ਹੋ ਜਾਵੇ ਫੇਰ ਤਾਂ ਕੋਈ ਫ਼ਿਕਰ ਰਹੇਗਾ ਹੀ ਨਹੀਂ।"

"ਕੁਝ ਵੀ ਹੋਵੇ, ਮੈਂ ਤੁਹਾਨੂੰ ਹੋਰ ਕੰਮ ਨਹੀਂ ਕਰਨ ਦੇਣਾ। ਤੁਹਾਨੂੰ ਆਪਣਾ ਫਿਕਰ ਨਹੀਂ ਹੈ ਤਾਂ ਸਾਡਾ ਤਾਂ ਖਿਆਲ ਰੱਖੋ। ਇਨ੍ਹਾਂ ਨਿਆਣਿਆਂ ਦਾ ਤੁਹਾਡੇ ਬਗ਼ੈਰ ਹੋਰ ਵੀ ਕੋਈ ਹੈ ਕੀ ?"

"ਤੂੰ ਤਾਂ ਇੰਝ ਕਹਿ ਰਹੀ ਏਂ ਜਿਸ ਤਰ੍ਹਾਂ ਮੈਂ ਖੂਹ ਵਿਚ ਛਾਲ ਮਾਰ ਰਿਹਾ ਹੋਵਾਂ।"

"ਖੂਹ ਹੀ ਤਾਂ ਹੈ। ਕਦੇ ਆਪਣੇ ਸਰੀਰ ਵੱਲ ਵੀ ਦੇਖਿਆ ਹੈ ? ਕੀ ਹਾਲ ਹੋ ਰਿਹਾ ਹੈ ? ਅੱਠ ਘੰਟੇ ਕੰਮ ਕਿਤੇ ਥੋੜਾ ਹੁੰਦਾ ਹੈ ? ਉਤੋਂ ਸਾਈਕਲ ਦਾ ਸਫ਼ਰ।" ਤੇ ਫਿਰ ਅਵਾਜ਼ ਨੂੰ ਹੋਰ ਵੀ ਨਰਮ ਤੇ ਹੌਲੀ ਕਰਕੇ ਬੋਲੀ, "ਸੁਣੋ ਜੀ, ਮਾਂ ਨੂੰ ਕਿਉਂ ਨਹੀਂ ਕਹਿ ਦਿੰਦੇ ਕਿ ਕੁਝ ਰੁਪਏ ਕੱਢ ਦੇਵੇ..।"

"ਤੂੰ ਪਾਗਲ ਤਾਂ ਨਹੀਂ ਹੋ ਗਈ ? ਉਸ ਕੋਲ ਹੈ ਕੀ ? ਚਾਰ ਹਜ਼ਾਰ ਰੁਪਏ ਹਨ। ਉਨ੍ਹਾਂ ਨੂੰ ਵੀ ਹੱਥ ਲਾ ਲਿਆ ਤਾਂ ਫੇਰ ਹੋ ਗਿਆ ਸ਼ਾਂਤੀ ਦਾ ਵਿਆਹ।"

"ਸਾਰਿਆ ਦਾ ਫ਼ਿਕਰ ਕਰੀ ਜਾਉ। ਆਪਣਾ ਹੀ ਖਿਆਲ ਨਾ ਕਰੀਉ। ਅੱਛਾ, ਮੈਂ ਕਹਿੰਦੀ ਹਾਂ ਤੁਸੀਂ ਕੋਈ ਹੋਰ ਕੰਮ ਨਾ ਲਿਉ। ਤੁਹਾਡੇ ਵੱਸ ਦਾ ਨਹੀਂ ਹੈ। ਮੈਂ ਕਿਸੇ ਨਾ ਕਿਸੇ ਤਰ੍ਹਾਂ ਚਲਾ ਲਊਂਗੀ। ਨਾ ਹੋਇਆ ਤਾਂ ਉਹ ਇਕ ਕੰਙਣ ਦੇ ਆਉਣਾ।"

...ਰਾਜੇਸ਼ ਦਾ ਸਿਰ ਚਕਰਾਉਣ ਲੱਗਦਾ ਹੈ। ਇਕ ਅਸਪੱਸ਼ਟ ਵੇਦਨਾ ਉਸ ਦੇ ਅੰਦਰ ਨੂੰ ਛਾਣਨੀ ਕਰਦੀ ਹੈ। ਕਿਹੋ ਜਿਹੀ ਮਜਬੂਰੀ ਹੈ ਇਹ। ਕਿਸੇ ਵੀ ਤਰ੍ਹਾਂ ਕੀ ਉਹ ਤੁਰੰਤ ਠੀਕ ਨਹੀਂ ਹੋ ਸਕਦਾ। ਅਤੇ ਮਨ ਹੀ ਮਨ ਉਹ ਪੱਕੀ ਧਾਰਦਾ ਹੈ ਕਿ ਕਿਸੇ ਤਰ੍ਹਾਂ ਵੀ ਹੋਵੇ, ਇਸ ਵਾਰ ਉਹ ਡਾਕਟਰ ਤੋਂ 'ਫਿਟਨੈੱਸ ਸਰਟੀਫਿਕੇਟ' ਜ਼ਰੂਰ ਲਿਆਵੇਗਾ।...ਲੇਕਿਨ ਉਹ ਵੀ ਕਿੱਥੇ ਹੋ ਸਕਿਆ। ਉਸ ਦੇ ਸਭ ਫੈਸਲੇ ਰੱਖੇ ਰਖਾਏ ਰਹਿ ਗਏ। ਅਤੇ ਹੁਣ ਉਹ ਉਥੇ ਬੈਠਾ ਹੈ, ਹੋਰ ਵੀ ਬੜੀਆਂ ਸ਼ੰਕਾਵਾਂ ਨਾਲ।

ਰੁਖ ਦੇ ਤਣੇ ਦੇ ਸਹਾਰੇ ਬੈਠੇ-ਬੈਠੇ ਉਸ ਨੇ ਕਰਵੱਟ ਬਦਲੀ ਤਾਂ ਉਸ ਦੇ ਮੂੰਹੋਂ ਆਹ ਨਿੱਕਲ ਗਈ। ਦਰਦ ਦੇ ਕਾਰਨ ਉਸ ਦਾ ਲੰਮਾ ਸਾਹ ਵਿਚਕਾਰ ਹੀ ਟੁਟ ਗਿਆ। ਦੋਹਾਂ ਹੱਥਾਂ ਨਾਲ ਘੁਟਕੇ ਉਸਨੇ ਆਪਣਾ ਸੀਨਾ ਦਬਾ ਲਿਆ। ਅੰਦਰ ਹੀ ਅੰਦਰ ਜਿਸ ਤਰ੍ਹਾਂ ਕੋਈ ਫੇਫੜੇ ਨੂੰ ਚੀਰ ਰਿਹਾ ਹੋਵੇ। ਸਾਹ ਲੈਣਾ ਔਖਾ ਹੋ ਗਿਆ। ਸਾਹ ਉਪਰ ਖਿੱਚਦਾ ਤਾਂ ਲੱਗਦਾ ਜਾਣੀ ਅੰਦਰ ਦਾ ਕੋਈ ਘਾਉ ਕਿਸੇ ਚੀਜ਼ ਨਾਲ ਟਕਰਾ ਗਿਆ ਹੈ। ਉਸ ਨੇ ਆਪਣਾ ਸਿਰ ਧਰਤੀ ਉਪਰ ਰੱਖ ਦਿਤਾ ਅਤੇ ਦੋਵੇਂ ਲੱਤਾਂ ਸਿਧੀਆਂ ਫੈਲਾ ਦਿਤੀਆਂ। ਬਹੁਤ ਦੇਰ ਬਾਅਦ ਉਹ ਸਹਿਜੇ ਸਹਿਜੇ ਕੋਸ਼ਿਸ਼ ਕਰਕੇ ਸੁਭਾਵਿਕ ਹਾਲਤ ਵਿਚ ਮੁੜ ਆਇਆ। ਤਦ ਉਸ ਨੂੰ ਮਨ ਹੀ ਮਨ ਹਾਸਾ ਆ ਗਿਆ। 'ਫਿਟਨੈਸ ਸਰਟੀਫਿਕੇਟ' ਮੰਗਿਆ ਸੀ ਉਸ ਨੇ।...ਬਿਲਕੁਲ ਠੀਕ ਹਾਂ। ਤੁਰ-ਫਿਰ ਸਕਦਾ ਹਾਂ।... ਡਾਕਟਰ ਜਿਵੇਂ ਬੇਵਕੂਫ਼ ਹੈ। ਆਂਦਰਾਂ ਦੇ ਅੰਦਰ ਤਕ ਝਾਕਕੇ ਦੇਖ ਲੈਣ ਤੋਂ ਬਾਅਦ ਵੀ ਜਿਸ ਤਰ੍ਹਾਂ ਉਹ, ਉਸਦੀਆਂ ਗੱਲਾਂ ਦਾ ਵਿਸ਼ਵਾਸ ਕਰ ਲਵੇਗਾ ?...ਤੁਰ ਫਿਰ ਸਕਦਾ ਹਾਂ..। ਉਂ, ਸੜਕ ਪਾਰ ਕਰਕੇ ਇਥੇ ਪਾਰਕ ਤਕ ਆਉਣ ਨਾਲ ਤਾਂ ਉਸ ਦਾ ਹੌਂਸਲਾ ਟੁੱਟ ਗਿਆ। ਪਾਸਾ ਬਦਲਣ ਨਾਲ ਹੀ ਤਾਂ ਉਸ ਦਾ ਸਾਹ ਫੁੱਲ ਜਾਂਦਾ ਹੈ।.. ਟੀ.ਬੀ. ਹੋਣ ਵਾਲੀ ਹੈ। ਹੋਣ ਦਿਉ। ਉਸ ਤੋਂ ਈ ਵੱਡੀ ਕੀ ਕੋਈ ਬਿਮਾਰੀ ਨਹੀਂ ਹੁੰਦੀ ! ਕੋਈ ਅਜੇਹਾ ਰੋਗ ਜਿਸ ਨਾਲ ਉਹ ਫੌਰਨ ਮਰ ਜਾਵੇ। ਹੁਣ ਬੈਠੇ ਬੈਠੇ ਅਗਰ ਉਹ ਮਰ ਜਾਵੇ ਤਾਂ ਕਿਸ ਤਰ੍ਹਾਂ ਰਹੇ। ਸਭ ਝੰਝਟ ਮੁਕ ਹੀ ਜਾਣਗੇ। ਦੋ ਤਿੰਨ ਮਹੀਨਿਆਂ

ਦੀ ਮੁਸੀਬਤ ਖ਼ਤਮ ਹੋ ਜਾਵੇਗੀ। ਇਹ ਵੀ ਕੀ ਪਤਾ ਹੈ ਕਿ ਦੋ ਤਿੰਨ ਮਹੀਨਿਆਂ ਵਿਚ ਹੀ ਉਹ ਠੀਕ ਹੋ ਸਕੇਗਾ। ਟੀ. ਬੀ. ਕੋਈ ਮਾਮੂਲੀ ਮਰਜ਼ ਨਹੀਂ ਹੁੰਦੀ। ਰਾਜਰੋਗ ਹੈ। ਰੋਗਾਂ ਦਾ ਰਾਜਾ ਜਾਂ ਪਤਾ ਨਹੀਂ ਰਾਜਿਆਂ ਦਾ ਰੋਗ ...ਜੋ ਕੁਝ ਵੀ ਹੈ, ਦੋ ਤਿੰਨ ਮਹੀਨਿਆਂ ਵਿਚ ਛੁਟ ਜਾਣ ਵਾਲਾ ਰੋਗ ਨਹੀਂ ਹੈ। ਇਹਦੇ ਨਾਲੋਂ ਤਾਂ ਕੁਝ ਹੋਰ ਹੋ ਜਾਵੇ...ਹੈਜ਼ਾ, ਟਾਇਫਾਇਡ। ਜਾਂ ਇਥੇ ਪਏ ਨੂੰ ਜੇਕਰ ਕੋਈ ਸੱਪ ਲੜ ਜਾਵੇ ਤਾਂ ਹਾਂ; ਫਿਰ ਉਹ ਫੌਰਨ ਮਰ ਜਾਵੇਗਾ। ਸਭ ਲੋਕ ਉਸ ਨੂੰ ਢੂੰਡਣਗੇ। ਵੀਰ ਜੀ, ਭਾਬੀ ਮਾਂ...ਆਹ! ਉਹ ਇਹ ਸਭ ਕੀ ਸੋਚ ਰਿਹਾ ਹੈ। ਉਹ ਮਰਨਾ ਨਹੀਂ ਚਾਹੁੰਦਾ। ਮਰ ਕੇ ਕੀ ਉਹ ਕਿਸੇ ਵੀ ਤਰ੍ਹਾਂ ਆਪਣੇ ਉਪਰ ਹੋਏ ਅਹਿਸਾਨ ਚੁਕਾ ਸਕਦਾ। ਹੁਣ ਤਕ ਤਾਂ ਸਭ ਨੂੰ ਦੁਖ ਹੀ ਦਿੰਦਾ ਰਿਹਾ ਹੈ। ਕੀ ਉਹ ਉਨ੍ਹਾਂ ਨੂੰ ਕੋਈ ਵੀ ਸੁਖ ਨਹੀਂ ਦੇ ਸਕਦਾ।...ਪਰ ਇਹ ਬਿਮਾਰੀ ...ਕਿਸ ਤਰ੍ਹਾਂ ਹੋਵੇਗਾ ਇਹ ਸਾਰਾ ਕੁਝ।

.. ਪੇਟ ਵਿਚ ਅਜੀਬ ਜਿਹਾ ਖਾਲੀਪਨ ਅਨੁਭਵ ਹੋ ਰਿਹਾ ਹੈ। ਭੁੱਖ ਲੱਗੀ ਹੈ ਸ਼ਾਇਦ। ਕਿੰਨੀ ਦੇਰ ਹੋ ਗਈ ਇਥੇ ਪਾਰਕ ਵਿਚ ਬੈਠਿਆਂ ਹੋਇਆ। ਪਤਾ ਨਹੀਂ ਕੀ ਵੱਜਿਆ ਹੋਵੇਗਾ। ਸ਼ਾਇਦ ਢਾਈ ਤਿੰਨ। ਘਰ ਸਾਰੇ ਇੰਤਜ਼ਾਰ ਕਰਦੇ ਹੋਣਗੇ। ਸ਼ਾਇਦ ਫਿਕਰ ਵੀ ਕਰਦੇ ਹੋਣ। ਮਾਂ ਨੇ ਤਾਂ ਰੋਟੀ ਵੀ ਨਹੀਂ ਖਾਧੀ ਹੋਣੀ। ਵਾਰ ਵਾਰ ਗਲੀ ਦੇ ਮੋੜ ਤਕ ਆਉਂਦੀ ਹੋਵੇਗੀ ਉਸ ਨੂੰ ਵੇਖਣ। ਰਾਜੇਸ਼ ਨੂੰ ਜੇਕਰ ਕਿਸੇ ਨਾਲ ਚਿੜ੍ਹ ਹੈ ਤਾਂ ਮਾਂ ਨਾਲ। ਮੁਸੀਬਤਾਂ ਦਾ ਸਾਰਾ ਪਹਾੜ ਜਿਸ ਤਰ੍ਹਾਂ ਸਿਰਫ਼ ਉਨ੍ਹਾਂ ਉਤੇ ਹੀ ਟੁਟਿਆ ਹੋਵੇ। ਹਰ ਘੜੀ ਰੋਂਦੇ ਰਹਿਣਾ। ਚੰਗਾ ਹੋਇਆ ਉਹ ਉਸ ਨੂੰ ਘਰ ਹੀ ਛੱਡ ਆਇਆ। ਉਹ ਤਾਂ ਆਉਣ ਨੂੰ ਤਿਆਰ ਬੈਠੀ ਸੀ। ਵੀਰ ਜੀ ਕਹਿ ਜੁ ਗਏ ਸਨ ਸਵੇਰੇ। . ਪਿਛਲੇ ਮਹੀਨੇ ਨਾਲ ਆ ਕੇ ਕਿਹੀ ਮੁਸੀਬਤ ਵਿਚ ਪਾ ਦਿੱਤਾ ਸੀ ਉਸਨੇ। ਡਾਕਟਰ ਦੇ ਸਾਹਮਣੇ ਝੋਲੀ ਫੈਲਾ ਕੇ ਰੋਣ ਨਾਲ ਕੀ ਉਹ ਠੀਕ ਹੋ ਸਕਦਾ ਹੈ। ਚਲੋ, ਇਹ ਵੀ ਠੀਕ ਸਹੀ, ਡਾਕਟਰ ਨੂੰ ਦੁੱਖ-ਸੁੱਖ ਦੱਸਿਆ ਹੀ ਜਾਂਦਾ ਹੈ। ਲੇਕਿਨ ਬੱਸ ਵਿਚ ਸਾਰਿਆਂ ਦੇ ਸਾਹਮਣੇ ਦੁਖ ਰੋਣ ਦੀ ਕੀ ਜ਼ਰੂਰਤ ਸੀ। ਥੋੜ੍ਹੀ ਦੂਰ ਵੀ ਕੀ ਉਹ ਖੜਾ ਖੜਾ ਨਹੀਂ ਜਾ ਸਕਦਾ ਸੀ । ਠੀਕ ਹੈ ਕਿ ਉਸ ਨੂੰ ਤਕਲੀਫ਼ ਹੁੰਦੀ ਪਰ ਥੋੜ੍ਹੀ ਦੇਰ ਬਾਅਦ ਤਾਂ ਸੀਟ ਖਾਲੀ ਹੋ ਹੀ ਜਾਂਦੀ। ਉਸ ਵਾਸਤੇ ਲੋਕਾਂ ਨੂੰ ਇਹ ਦੱਸਣ ਦੀ ਕੀ ਜ਼ਰੂਰਤ ਸੀ ਕਿ ਉਹ ਬਿਮਾਰ ਹੈ। ਕਿੰਨਾਂ ਸ਼ਰਮਿੰਦਾ ਹੋਣਾ ਪਿਆ ਸੀ ਉਸ ਨੂੰ।..ਮਾਂ ਦੀ ਆਦਤ ਹੀ ਅਜੇਹੀ ਹੈ। ਥੋੜ੍ਹਾ ਜਿਹਾ ਦੁਖ ਵੀ ਉਸ ਤੋਂ ਸਹਾਰਿਆ ਨਹੀਂ ਜਾਂਦਾ। ਅੱਜ ਅਗਰ ਆ ਜਾਂਦੀ ਤਾਂ ਸੱਚ-ਮੁਚ ਹੀ ਸੰਕਟ ਪੈਦਾ ਹੋ ਜਾਂਦਾ। ਟੀ. ਬੀ. ਦਾ ਨਾਂ ਸੁਣਨ ਤੋਂ ਬਾਅਦ ਕੀ ਉਹ ਆਪਣੇ ਆਪ ਨੂੰ ਸੰਭਾਲ ਸਕਦੀ ਸੀ। ... ਪਰ ਨਾਂ ਕੀ ਹੁਣ ਨਹੀਂ ਸੁਣੇਗਾ। ਸਾਰਿਆਂ ਨੂੰ ਪਤਾ ਲੱਗੇਗਾ। ਗਲੀ ਮੁਹੱਲੇ ਵਿਚ ਵੀ ਲੋਕ ਸੁਣਨਗੇ। ਜ਼ਿਕਰ ਹੋਵੇਗਾ। ਲੋਕ ਹਮਦਰਦੀ ਦਿਖਾਲਣਗੇ। ਅਫ਼ਸੋਸ ਜ਼ਾਹਿਰ ਕਰਨਗੇ। ...ਲੇਕਿਨ ਉਹ ਅਗਰ ਦੱਸੇ ਹੀ ਨਾ ਜੇ ਤਾਂ।

.. ਇਹ ਘਾਹ ਕਿਨ੍ਹਾਂ ਨਰਮ ਹੈ। ਛਾਂ ਠੰਡੀ। ਹਵਾ ਦੇ ਬੁਲ੍ਹੇ ਦੂਰ ਆ ਕੇ ਉਸ ਨੂੰ ਛੂ ਰਹੇ ਹਨ, ਬਹੁਤ ਦੂਰ ਤੋਂ। ਅਕਾਸ਼ ਦਾ ਵਿਸਥਾਰ ਵੀ ਕੇਹਾ ਹੈ, ਇਸ ਸਿਰੇ ਤੋਂ ਉਸ ਸਿਰੇ ਤਕ।...ਇਥੇ ਕੀ ਸੌਂ ਨਹੀਂ ਹੋ ਸਕਦਾ। ..ਪਰ ਘਰ ਸਾਡੇ ਚਿੰਤਾ ਕਰ ਰਹੇ ਹੋਣਗੇ।... ਕਰਨ ਦਿਉ। ਹੁਣ ਕੀ ਇਥੋਂ ਉਠਿਆ ਜਾ ਸਕਦਾ ਹੈ - ਅੱਖਾਂ ਬੰਦ ਹੋ ਰਹੀਆਂ ਹਨ।

ਅੱਖਾਂ ਬੰਦ ਹੋ ਜਾਂਦੀਆਂ ਹਨ ਪੂਰੀ ਤਰ੍ਹਾਂ। ਨੀਂਦ ਦੀ ਚਾਦਰ ਉੜ ਜਾਂਦੀ ਹੈ।

ਸੜਕ ਉਪਰ ਆਉਣਾ ਜਾਣਾ ਵੱਧਦਾ ਜਾਂਦਾ ਹੈ। ਜਿਸ ਜਿਸ ਤਰ੍ਹਾਂ ਤ੍ਰਿਕਾਲਾਂ ਆਈ ਜਾਂਦੀਆਂ ਹਨ, ਸ਼ੋਰ-ਸ਼ਰਾਬਾ ਵੱਧਦਾ ਹੈ। ਮੋਟਰਾਂ ਦੀ ਸੰਖਿਆ ਵੱਧਦੀ ਹੈ, ਅਤੇ ਸਾਈਕਲਾਂ ਦੀ ਇਕ ਲੰਮੀ ਕਤਾਰ ਸੜਕ ਉਪਰ ਵਿੱਛ ਜਾਂਦੀ ਹੈ। ਇਕ ਨਾ ਰੁਕਣ ਵਾਲਾ ਪ੍ਰਵਾਹ।

ਕਿੰਨੀ ਵਿਸ਼ਾਲ ਹੈ ਇਹ ਦੁਨੀਆ। ਕਿੰਨ੍ਹੇ ਲੋਕ। ਕਿੰਨੀਆਂ ਵੱਡੀਆਂ ਵੱਡੀਆਂ ਉੱਚੀਆਂ ਇਮਾਰਤਾਂ। ਕਿੰਨਾ ਅਦਭੁਤ ਸੁਹੱਪਣ। ਇਹ ਰੁਖ, ਹਵਾ, ਮਿੱਟੀ, ਪਾਂਣੀ, ਅਕਾਸ਼ ਅਤੇ ਪਲ ਪਲ ਤੇ ਬਦਲਦੇ ਹੋਏ ਪ੍ਰਕ੍ਰਿਤੀ ਦੇ ਰੰਗ। ਧਰਤੀ ਦਾ ਇਹ ਰੰਗਾ-ਰੰਗ। ਇਸ ਦੁਨੀਆਂ ਤੋਂ ਬਾਹਰ ਵੀ ਕੀ ਹੈ ਕੁਝ? ਕੀ ਹੋਵੇਗਾ? ਹੋਵੇ ਵੀ ਤਾਂ ਕੀ ਲੈਣਾ? ਇਹ ਜੋ ਹੈ ਘੱਟ ਨਹੀਂ ਹੈ।...ਥੋੜ੍ਹਾ ਹੋਰ ਇੱਧਰ ਉੱਠ ਕੇ ਨਹੀਂ ਦੇਖਿਆ ਜਾ ਸਕਦਾ? ਹਾਂ, ਹੁਣ ਠੀਕ ਹੈ। ਸਾਰੀ ਵਿਸ਼ਾਲਤਾ ਇਕ ਨਜ਼ਰ ਵਿਚ ਭਰ ਗਈ ਹੈ। ਧਰਤੀ ਦੀ ਸਹਿਨ ਸ਼ਕਤੀ ਕਿੰਨੀ ਅਦਭੁਤ ਹੈ, ਕਿੰਨਾ ਕੁਝ ਧਾਰਨ ਕੀਤਾ ਹੈ ਇਸ ਨੇ। ਮਕਾਨਾਂ ਦਾ ਇਹ ਲੰਮਾ ਸਿਲਸਿਲਾ, ਇਹ ਹਰਿਆਲੀ, ਵਿਚ-ਵਿਚਾਰ ਇਹ ਰਸਤੇ ਲੋਕਾਂ ਦਾ, ਇਹ ਅਨੰਤ ਸਾਗਰ ਕਾਰ-ਵਿਹਾਰ, ਲੈਣ-ਦੇਣ, ਕੇਹਾ ਜਾਲ ਵਿਛਿਆ ਹੈ ਸਰਿਸ਼ਟੀ ਦਾ।

ਇਕ ਨਹੀਂ ਅਨੇਕ ਹਨ। ਇਕ ਵਿਚ ਅਨੇਕ। ਹਜ਼ਾਰਾਂ ਲੱਖਾਂ ਸ੍ਰਿਸ਼ਟੀਆਂ ਹਨ। ਕੀੜੇ-ਮਕੌੜਿਆਂ ਵਾਂਗ ਇਹ ਜੋ ਲੋਕ ਸੜਕ ਉਪਰ ਰੀਂਗ ਰਹੇ ਹਨ, ਬੱਸਾਂ ਵਿਚ ਚੜ੍ਹੇ ਹਨ, ਪਾਰਕ ਵਿਚ ਲੰਮੇ ਪਏ ਹਨ, ਘਰਾਂ ਵਿਚ ਬੈਠੇ ਹਨ, ਸਾਰਿਆਂ ਦੀ ਅਲੱਗ, ਅਲੱਗ ਦੁਨੀਆਂ ਹੈ। ਇਕ ਆਦਮੀ—ਇਕ ਦੁਨੀਆ, ਇਕ ਪ੍ਰਵਾਰ, ਇਕ

ਦੁਨੀਆਂ, ਇਕ ਮੁਹੱਲਾ, ਇਕ ਦੁਨੀਆਂ, ਇਕ ਸ਼ਹਿਰ, ਇਕ ਦੁਨੀਆਂ,ਇਕ ਦੇਸ਼, ਇਕ ਦੁਨੀਆਂ--ਇਕ ਦੁਨੀਆਂ। ਹਰ ਦੁਨੀਆਂ ਦਾ ਅਲੱਗ ਇਤਿਹਾਸ, ਅਲੱਗ ਵਰਤਮਾਨ ਅਤੇ ਵੱਖਰਾ ਭਵਿੱਖ, ਦੁਖ-ਸੁਖ ਅਲਗ, ਆਸ਼ਾਵਾਂ–ਨਿਰਾਸ਼ਾਵਾਂ ਵੀ ਵੱਖਰੀਆਂ। ਲੇਕਿਨ ਸਾਰੇ ਇਕ-ਦੂਜੇ ਨਾਲ ਨੱਥੀ ਹੋਏ, ਹੋਏ।' ਅਨੇਕਾਂ ਨੋਕ ਬਿੰਦੂਆਂ ਤੇ ਮਿਲਣ ਰੇਖਾਵਾਂ ਹਨ। ਇਕ ਵਿਚ ਕੁਝ ਹੈ ਤਾਂ ਉਸ ਦਾ ਪ੍ਰਤੀਬਿੰਬ ਦੂਜੇ ਵਿਚ ਝੱਲਕਦਾ ਹੈ।

ਲੰਮਾ ਫਾਸਲਾ ਤੈਹ ਕਰ ਕੇ ਇਕ ਸਾਈਕਲ ਗਲੀ ਵਿਚ ਵੜਦੀ ਹੈ। ਬੀਹੀ ਦੀ ਹਵਾ ਵਿਚ ਘੁਟਨ ਹੈ। ਘਰ ਤਕ ਪਹੁੰਚਦੇ ਪਹੁੰਚਦੇ ਇਹ ਘੁਟਨ ਹੋਰ ਵੀ ਵੱਧ ਜਾਂਦੀ ਹੈ। ਵਾਤਾਵਰਨ ਵਿਚ ਅਨੋਖਾ ਤਣਾਅ। ਭਾਰੀਆਂ ਭਾਰੀਆਂ ਸੁਜੀਆਂ ਵਿਆਕੁਲ ਅੱਖੀਆਂ, ਸਾਰਾ ਦਿਨ ਜਿਸ ਤਰ੍ਹਾਂ ਇਨ੍ਹਾਂ ਆਪਣਾ ਧਨ ਲੁਟਾਇਆ ਹੋਵੇ। ਘਰ ਵਾਲੀ ਦਾ ਪ੍ਰੇਸ਼ਾਨ, ਦੁਖੀ ਚੇਹਰਾ, ਸਹਿਮੇ ਸਹਿਮੇ. ਬੱਚੇ ਥੋੜੀ ਜਿਹੀ ਚਿੰਤਾ ਵੀ। ਇਕ ਸਵਾਲ ਸਾਰਿਆਂ ਦੇ ਹਾਵ-ਭਾਵ ਵਿਚ। ਸਵੇਰ ਤੋਂ ਲੈ ਕੇ ਤ੍ਰਿਕਾਲਾਂ ਹੋ ਗਈਆਂ। ਕਿਉਂ ਨਹੀਂ ਆਇਆ? ਹਸਪਤਾਲ ਹੀ ਤਾਂ ਗਿਆ ਸੀ।...ਕਿਤੇ...?...ਅਤੇ ਸਵਾਲ ਦਾ ਅਕਾਰ ਵੱਧਦਾ ਜਾਂਦਾ ਹੈ।

ਸਾਈਕਲ ਵਾਪਸ ਘੁੰਮਦਾ ਹੈ। ਗਲੀ ਤੋਂ ਬਾਹਰ ਸੜਕ। ਸੜਕ ਤੋਂ ਬਾਅਦ ਸੜਕਾਂ। ਹਾਰੀਆਂ ਥੱਕੀਆਂ ਲੱਤਾਂ ਘੁੰਮ ਰਹੀਆਂ ਹਨ। ਪਿੰਜਣੀਆਂ ਐਂਠ ਐਂਠ ਕੇ ਜ਼ੋਰ ਲਾ ਰਹੀਆਂ ਹਨ। ਸਾਹ ਧੌਂਖਣੀ ਵਾਂਗੂ ਚਲ ਰਿਹਾ ਹੈ। ਖੰਘ ਗਲ ਤਕ ਆ ਕੇ ਮੁੜ ਜਾਂਦੀ ਹੈ।...ਇਹ ਹੈ ਟੀ.ਬੀ. ਸੈਂਟਰ। ਕਮਰਿਆਂ ਦੇ ਦਰਵਾਜ਼ੇ ਬੰਦ। ਦਰਬਾਨ ਦੀਆਂ ਨਜ਼ਰਾਂ ਖਾਲੀ ਖਾਲੀ। ਸਵਾਲ ਜਿਸ ਤਰ੍ਹਾਂ ਹੈ, ਉਸ ਤਰ੍ਹਾਂ ਹੀ ਰਹਿੰਦਾ ਹੈ। ਕਿਥੇ ਗਿਆ। ਅੱਖਾਂ ਪੱਥਰਾਉਂਦੀਆਂ ਹਨ, ਭੱਟਕਦੀਆਂ ਹਨ। ਘਾਹ ਦਾ ਇਹ ਲੰਮਾ, ਚੌੜਾ ਮੈਦਾਨ। ਇਹ ਲੰਮੀਆਂ ਲੰਮੀਆਂ ਸੜਕਾਂ। ਧਰਤੀ ਦਾ ਅਸੀਮ ਵਿਸਥਾਰ। ਆਦਮੀਆਂ ਦਾ ਇਹ ਫੈਲਾ। ਕਿਥੇ ਗਿਆ? ਕਿਥੇ ਹੋਵੇਗਾ? ..ਪਰ ਜ਼ਿਆਦਾ ਦੂਰ ਨਹੀਂ ਹੈ, ਬਸ ਸੜਕ ਦੇ ਦੂਜੇ ਪਾਸੇ। ਉੱਚੀਆਂ ਜਾਲੀਆਂ ਵਿਚ ਘਿਰਿਆ ਗੋਲ ਪਾਰਕ। ਥੋੜ੍ਹੀ ਦੂਰ ਹੋਰ . ਹੋਰ, ਉਹ ਲੰਮਾ ਪਿਆ ਹੈ। ਹਾਂ, ਉਹੀ ਤਾਂ ਹੈ। ਛਾਂ ਦੀ ਓਟ ਵਿਚ। ਦਿਲ ਜਿਸ ਤਰ੍ਹਾਂ ਨਿਕਲਕੇ ਬਾਹਰ ਆ ਜਾਵੇਗਾ। ਅੰਦਰ ਜਾਣ ਦਾ ਰਸਤਾ ਕਿੱਧਰ ਹੈ? ਉਹ, ਉਧਰ...ਘੁੰਮਕੇ ਆ ਹੋਵੇਗਾ...?

'ਰਾਜੂ'।

'ਉਹ ਰਾਜੂ'।

ਹੜਬੜਾਕੇ ਰਾਜੂ ਉੱਠਦਾ ਹੈ। ਅੱਖਾਂ ਖੁਲ੍ਹਦੀਆਂ ਹਨ ਤਾਂ ਸਾਹਮਣੇ ਵੀਰ ਜੀ ਬੈਠੇ ਹਨ। ਪਸੀਨੇ ਵਿਚ ਤਰ ਮੁਖੜਾ। ਚਿਪਕੇ ਹੋਏ ਕਪੜੇ। ਸਾਹ ਉਖੜਿਆ ਉਖੜਿਆ। ਵਾਲ ਖਿੰਡਕੇ ਮੱਥੇ ਉਪਰ ਆ ਗਏ ਹਨ। ਇਕ ਇਕ ਕਰਕੇ ਸਭ ਕੁਝ ਯਾਦ ਆਉਂਦਾ ਹੈ.. ਸਕਰੀਨਿੰਗ, ਰਿਫਲੈਕਟਰ ਵਿਚ ਫਸਿਆ ਪਸਲੀਆਂ ਦਾ ਢਾਂਚਾ, ਡਾਕਟਰ ਦਾ ਝੁਕਿਆ–ਝੁਕਿਆ ਚੇਹਰਾ, ਦੋ ਤਿੰਨ ਮਹੀਨੇ ਹੋਰ ਵੀ...।

"ਇਥੇ ਕਿਉਂ ਲੰਮਾ ਪਿਆਂ? ਤਬੀਅਤ ਠੀਕ ਹੈ?" ਅਤੇ ਵੀਰ ਜੀ ਉਸ ਦੇ ਸਿਰ ਉਪਰ ਹੱਥ ਫ਼ੇਰਦੇ ਹਨ। ਉਸ ਦੀ ਪਿੱਠ ਉਪਰ ਹੱਥ ਫੇਰਦੇ ਹਨ। ਇਹ ਹੱਥ ਹੈ ਜਾਂ...ਰਾਜੇਸ਼ ਦਾ ਮਨ ਬੱਚਿਆਂ ਜਿਹਾ ਹੋ ਜਾਂਦਾ ਹੈ। ਸਿਰ ਚੁਕ ਕੇ ਉਹ ਵੀਰ ਜੀ ਦੀ ਗੋਦ ਵਿਚ ਰੱਖ ਦਿੰਦਾ ਹੈ ਅਤੇ ਡੁਸਕ ਡੁਸਕ ਕੇ ਰੋਣ ਲੱਗ ਪੈਂਦਾ ਹੈ।

"ਉ, ਕੀ ਹੋਇਆ?...ਰਾਜੂ!...ਗੱਲ ਕੀ ਹੈ ਬਈ" ਵੀਰ ਜੀ ਜਿਵੇਂ ਇਕ ਦਮ ਘਬਰਾ ਜਾਂਦੇ ਹਨ। ਉਸ ਦਾ ਸਿਰ ਚੁਕ ਕੇ ਉਹ ਸੀਨੇ ਨਾਲ ਲਾ ਲੈਂਦੇ ਹਨ। ਵਾਲਾਂ ਵਿਚ ਉਂਗਲੀਆਂ ਫੇਰਦੇ ਹਨ।

ਰਾਜੇਸ਼ ਦਾ ਡੁਸਕਣਾ ਹੋਰ ਵੀ ਵੱਧਦਾ ਜਾਂਦਾ ਹੈ।

"ਕੁਝ ਦੱਸ ਤਾਂ ਸਹੀ...ਚੁਪ ਹੋ ਜਾ ਬਈ... ਰਾਜੂ...ਤੈਨੂੰ ਮੇਰੀ ਕਸਮ...ਕੁਝ ਹੋਇਆ ਵੀ ਹੈ...ਰਾਜੂ ਪੁਤਰ...।"

"ਮੈਂ ਘਰ ਨਹੀਂ ਜਾਵਾਂਗਾ।" ਉਹ ਮੁਸ਼ਕਲ ਨਾਲ ਕਹਿ ਸਕਿਆ ਹੈ।

"ਕਿਉਂ, ਕੀ ਹੋਇਆ? ਕਿਸੇ ਨੇ ਕੁਝ ਕਿਹਾ ਹੈ ਕੀ?"

ਰਾਜੇਸ਼ ਤੋਂ ਕੋਈ ਵੀ ਜਵਾਬ ਨਹੀਂ ਦੇ ਹੁੰਦਾ।

'ਦੱਸ ਬਈ...ਕੁਝ ਤਾਂ ਦੱਸ...ਦੇਖ ਮੈਨੂੰ ਇਸ ਤਰ੍ਹਾਂ ਤੰਗ ਨਾ ਕਰ।

ਵੀਰ ਜੀ ਦੀ ਅਵਾਜ਼ ਨਾਲ ਰਾਜੇਸ਼ ਚੌਂਕਦਾ ਹੈ। ਕੀ ਇਹ ਵੀ...।

"ਨਹੀਂ, ਵੀਰ, ਮੈਂ ਘਰ ਨਹੀਂ ਜਾਊਂਗਾ। ਕੋਈ ਫਾਇਦਾ ਨਹੀਂ ਹੈ। ਡਾਕਟਰ ਕਹਿੰਦਾ ਹੈ, ਹੋਰ ਵੀ ਦੋ–ਤਿੰਨ ਮਹੀਨੇ ਲੱਗਣਗੇ। ਕਹਿੰਦਾ ਹੈ ਟੀ. ਬੀ. ਦੇ ਚਾਂਸ ਹੋ ਰਹੇ ਹਨ।

"ਤਾਂ ਕੀ ਹੋਇਆ?"

"ਕੋਈ ਫਾਇਦਾ ਨਹੀਂ ਹੋਣਾ। ਛੇ ਮਹੀਨਿਆਂ ਵਿਚ ਨਹੀਂ ਹੋਇਆ ਤਾਂ ਹੁਣ ਕੀ ਹੋਣ ਲੱਗਾ।"

'ਮੇਰੇ ਤੋਂ ਹੋਰ ਨਹੀਂ ਸਹਿ ਹੁੰਦਾ ਵੀਰਾ। ਕਦੋਂ ਤੱਕ ਸਾਰਿਆਂ ਨੂੰ ਤਕਲੀਫ ਦਿੰਦਾ ਰਹੂੰਗਾ। ਮੇਰੇ ਕਾਰਨ..।'

"ਅਜੇ ਮੈਂ ਤਾਂ ਜ਼ਿੰਦਾ ਹਾਂ।" ਵੀਰ ਜੀ ਦੀ

ਅਵਾਜ਼ ਤੇਜ਼ ਹੋ ਜਾਂਦੀ ਹੈ। "ਤੂੰ ਕੀ ਆਪਣੇ ਆਪ ਨੂੰ ਯਤੀਮ ਸਮਝਿਆ ਹੈ ਜੋ ਇਥੇ ਪਿਆ ਹੋਇਆਂ। ਇਥੇ ਤੇਰੇ ਲਈ ਪ੍ਰਾਣ ਗਲ ਵਿਚ ਰਹਿੰਦੇ ਹਨ ਤੇ ਤੂੰ ਕਹਿੰਦਾ ਏਂ ਕਿ ਅਸੀਂ ਤਕਲੀਫ਼ ਸਹਿ ਰਹੇ ਹਾਂ। ਤੇਰੇ ਕਾਰਣ ਸਾਨੂੰ ਤਕਲੀਫ ਹੋਵੇਗੀ, ਜਿਸ ਨੂੰ ਅਪਣੇ ਖ਼ੂਨ ਵਾਂਗ ਪਾਲਿਆ ਹੈ। ਸ਼ਰਮ ਨਹੀਂ ਆਉਂਦੀ ਤੈਨੂੰ।"

ਰਾਜੇਸ਼ ਸਹਿਮ ਕੇ ਚੁੱਪ ਹੋ ਜਾਂਦਾ ਹੈ।

"ਚਲ ਉਠ...ਦੇਖ ਕੀ ਹਾਲਤ ਬਣਾ ਲਈ ਹੈ। ਉਧਰ ਮਾਂ ਨੇ ਰੋ ਰੋ ਕੇ ਬੁਰਾ ਹਾਲ ਕੀਤਾ ਹੋਇਆ। ਸਾਰੀ ਗਲੀ ਵਿਚ ਰੌਲਾ ਅੱਡ ਪੈ ਗਿਆ ਹੈ।"

ਬੱਸ ਸਟੈਂਡ ਉਪਰ ਖੜਾ ਖੜਾ ਰਾਜੇਸ਼ ਸੋਚ ਰਿਹਾ ਹੈ ਕਿ ਘਰ ਜਾ ਕੇ ਉਹ ਸਭ ਨੂੰ ਕੀ ਕਹੇਗਾ। ਹੋਰ ਵੀ ਕੇਹੀ ਮੁਸੀਬਤ ਉਸ ਨੇ ਪੈਦਾ ਕਰ ਲਈ ਹੈ।

ਸਾਈਕਲ ਦਾ ਹੈਂਡਲ ਫੜੀ ਵੀਰ ਜੀ ਵੀ ਕੋਲ ਹੀ ਖੜੇ ਹਨ।

"ਓ ਹਾਂ, ਇਕ ਖ਼ੁਸ਼ਖ਼ਬਰੀ ਤਾਂ ਮੈਂ ਤੈਨੂੰ ਸੁਣਾਈ ਹੀ ਨਹੀਂ।" ਬੱਚਿਆਂ ਜਿਹੇ ਉਤਸ਼ਾਹ ਨਾਲ ਉਹ ਕਹਿੰਦੇ ਹਨ। ਬਾਕੀ ਸਭ ਕੁਝ ਜਿਸ ਤਰ੍ਹਾਂ ਭੁੱਲ ਗਿਆ ਹੈ।

"ਮੈਨੂੰ 'ਪਾਰਟ ਟਾਇਮ' ਕੰਮ ਮਿਲ ਗਿਆ ਹੈ ਅੱਜ। ਕਨਾਟ ਪਲੇਸ ਦੀ ਹੀ ਫਰਮ ਹੈ। ਬੱਸ ਦੋ ਘੰਟੇ ਕੰਮ ਹੈ। ਥੋੜੀ ਅਕਾਊਂਟਿੰਗ ਕਰਨੀ ਪਵੇਗੀ। ਪੰਜਾਹ ਰੁਪਏ ਮਹੀਨੇ ਦੇ ਮਿਲ ਜਾਇਆ ਕਰਨਗੇ।"

ਖ਼ੁਸ਼ਖ਼ਬਰੀ ਸੁਣ ਕੇ ਰਾਜੇਸ਼ ਨੂੰ ਬਿਲਕੁਲ ਖ਼ੁਸ਼ੀ ਨਹੀਂ ਹੋਈ। ਸਮੱਸਿਆ ਦਾ ਜਿਸ ਤਰ੍ਹਾਂ ਇਹ ਬਹੁਤ ਹੀ ਗਲਤ ਹੱਲ ਹੋਵੇ। ਉਸਦੇ ਮਨ 'ਤੇ ਭਾਰੀਪਨ ਦੀ ਹੋਰ ਵੀ ਮੋਟੀ ਤਹਿ ਚੜ੍ਹ ਗਈ। ਪਰ ਉਹ ਕਰ ਵੀ ਕੀ ਸਕਦਾ ਸੀ। ਉਸ ਨੂੰ ਇਕ ਦਮ ਲੱਗਿਆ ਜਿਸ ਤਰ੍ਹਾਂ ਉਹ ਇਸ ਦੁਨੀਆਂ ਵਿਚ ਬਿਲਕੁਲ ਵਿਅਰਥ ਆਦਮੀ ਹੈ, ਇਕ ਬੇਕਾਰ ਆਦਮੀ ਹੈ।

ਅਨੁਵਾਦਕ—ਅਮਰਜੀਤ ਚਾਹਲ

---

## ਪਾਠਕ ਲੇਖਕ ਫੋਰਮ

# 1. "ਲੱਚਰ ਗੀਤਾਂ ਦਾ ਸਾਡੇ ਸਭਿਆਚਾਰ ਤੇ ਮਾਰੂ ਅਸਰ"
## —ਇਕ ਵਿਸ਼ਲੇਸ਼ਣ—

ਫਰਵਰੀ (1983) ਦੇ ਸਮਤਾ (33) ਵਿਚ ਗੁਰਬਖਸ਼ ਜੱਸ ਵਲੋਂ ਇਸੇ ਹੀ ਵਿਸ਼ੇ ਤੇ ਇਕ ਪੇਪਰ ਛਪਿਆ ਸੀ। ਇਸ ਪੇਪਰ ਤੇ ਪੰਜਾਬ ਲੋਕ ਸਭਿਆਚਾਰ ਮੰਚ ਵਲੋਂ ਕੀਤੇ ਗਏ 26 ਫਰਵਰੀ ਕੋਟ ਕਪੂਰਾ ਸਮਾਗਮ ਤੇ ਵਿਸਥਾਰ ਨਾਲ ਵਿਚਾਰ-ਵਟਾਂਦਰਾ ਕੀਤਾ ਗਿਆ ਸੀ। ਬਹਿਸ ਦੇ ਦਰਮਿਆਨ ਇਕ ਨੁਕਤਾ ਉਭਰਕੇ ਆਇਆ ਸੀ ਕਿ ਕੀ ਲੱਚਰ ਸਾਹਿਤ ਜਾਂ ਗੀਤ ਸਿਰਫ ਅਸ਼ਲੀਲਤਾ ਦੇ ਪੱਧਰ ਤੇ ਹੀ ਪਰਖਿਆ ਜਾਣਾ ਚਾਹੀਦਾ ਹੈ ਕਿ ਉਹਦੀ ਹੋਰ ਵੀ ਕੋਈ ਪਰਖ ਹੋ ਸਕਦੀ ਹੈ ? ਇਸ ਸੰਦਰਭ ਵਿਚ ਇਹ ਵੀ ਕਿਹਾ ਗਿਆ ਸੀ ਕਿ ਹਰ ਉਹ ਗੀਤ ਜੋ ਲੋਕਾਂ ਨੂੰ ਗੁੰਮਰਾਹ ਕਰਦਾ ਹੈ, ਉਹ ਲੱਚਰ ਸਾਹਿਤ ਸਮਝਿਆ ਜਾਣਾ ਚਾਹੀਦਾ ਹੈ। ਬਹੁਤ ਸਾਰੇ ਉਹ ਗੀਤ ਜੋ ਧਾਰਮਕ ਗੀਤਾਂ ਜਾਂ ਲੋਕ ਗੀਤਾਂ ਦੇ ਰੂਪ ਵਿਚ ਗਾਏ ਜਾਂਦੇ ਹਨ, ਉਹ ਵੀ ਮਨੁੱਖ ਦੀ ਪ੍ਰਗਤੀ ਨੂੰ ਰੋਕਦੇ ਹਨ। 'ਕਰਮਾਂ ਦੇ ਗੇੜ' ਜਾਂ ਕਿਸਮਤਾਂ ਦੇ ਚੱਕਰ ਦੀ ਗੱਲ ਕਰਦੇ ਉਹ ਮਨੁੱਖ ਵਿਚ ਢਾਊ ਕਿਸਮ ਦੀ ਰੁਚੀਆਂ ਪੈਦਾ ਕਰਦੇ ਹਨ। ਇਹਨਾਂ ਗੀਤਾਂ ਦਾ ਨੋਟਿਸ ਲੈਣਾ ਵੀ ਜ਼ਰੂਰੀ ਹੈ। ਇਸ ਨੁਕਤੇ ਤੇ ਅਗਲੇ ਸਮਾਗਮਾਂ ਵਿਚ ਹੋਰ ਵਿਸਥਾਰ ਨਾਲ ਬਹਿਸ ਚਲਾਉਣ ਦਾ ਫੈਸਲਾ ਕੀਤਾ ਗਿਆ ਸੀ। ਹੇਠ ਲਿਖਿਆ ਦਸਤਾਵੇਜ਼ ਉਸ ਸਮਾਗਮ ਤੇ ਇਲਾਕਾ ਮਾਛੀਵਾੜਾ ਦੇ ਤਰਲੋਚਨ ਸਿੰਘ ਅਤੇ ਪਰਮਜੀਤ ਸਿੰਘ ਵਲੋਂ ਵੰਡਿਆ ਗਿਆ ਸੀ। ਇਸ ਦਸਤਾਵੇਜ਼ ਨੂੰ ਸਮਤਾ ਦੇ ਪਾਠਕਾਂ ਲਈ ਛਾਪਕੇ ਇਸੇ ਬਹਿਸ ਨੂੰ ਅਗੇ ਤੋਰਿਆ ਜਾ ਰਿਹਾ ਹੈ।

o ਸੰਪਾਦਕ

---

ਗੁਰਬਖਸ਼ ਜੱਸ ਦਾ ਪੇਪਰ, 'ਲੱਚਰ ਗੀਤਾਂ ਦਾ ਸਾਡੇ ਸੱਭਿਆਚਾਰ ਤੇ ਮਾਰੂ ਅਸਰ" ਇਸ ਮਸਲੇ ਦੀ ਮਹੱਤਤਾ ਨੂੰ ਸਮਝਦਿਆਂ, ਅਗੰਮਪੁਰ ਤੋਂ ਬਾਦ ਦੂਜੀ ਵਾਰ ਫਿਰ ਇਥੇ ਵਿਚਾਰ ਅਧੀਨ ਲਿਆਂਦਾ ਗਿਆ ਹੈ। ਕਿਸੇ ਮਸਲੇ ਬਾਰੇ ਜੇ ਆਪਾਂ ਚੰਗੀ ਤਰ੍ਹਾਂ ਛਾਣਬੀਣ ਕਰ ਲਈ, ਤਾਂ ਸਮਝੋ ਉਸਦਾ ਹੱਲ ਵੀ ਲੱਭ ਲਿਆ। ਇਸੇ ਲਈ ਇਸ ਮਸਲੇ ਨੂੰ ਜਿੰਨੀ ਡੂੰਘਾਈ ਤੱਕ ਵੱਧ ਤੋਂ ਵੱਧ ਘੋਖ ਸਕਦੇ ਹੋਈਏ, ਘੋਖਣਾ ਚਾਹੀਦਾ ਹੈ। ਸੋ ਇਸੇ ਭਾਵਨਾ ਨਾਲ ਸਾਥੀ ਜਸ ਦੇ ਪੇਪਰ ਸਬੰਧੀ ਵਿਚਾਰ ਰੱਖਣ ਲੱਗੇ ਹਾਂ।

**ਕਲਾ ਇੱਕ ਹਥਿਆਰ ਵਜੋਂ** :— ਸਾਥੀ ਜਸ ਦੀ ਗੱਲ ਬਿਲਕੁਲ ਦਰੁਸਤ ਹੈ ਕਿ ਲੋਕਾਂ ਦੀ ਸੋਚ ਨੂੰ ਗੁੰਮਰਾਹ ਕਰੀ ਰੱਖਣ ਲਈ ਹਾਕਮ ਜਮਾਤਾਂ ਲੱਚਰ ਗੀਤਾਂ ਨੂੰ ਵੀ ਉਤਸਾਹਿਤ ਕਰਦੀਆਂ ਹਨ। ਸੋ ਮਿਹਨਤਕਸ਼ ਲੋਕਾਂ ਦੀ ਜਥੇਬੰਦੀ ਦਾ ਇਹ ਫਰਜ਼ ਬਣਦਾ ਹੈ ਕਿ ਉਹ ਵੀ ਕਲਾ ਨੂੰ ਇੱਕ

ਹਥਿਆਰ ਵਜੋਂ ਵਰਤ ਕੇ ਹਾਕਮ ਜਮਾਤਾਂ ਦੀਆਂ ਸਾਜਸ਼ਾਂ ਤੋਂ ਲੋਕਾਂ ਨੂੰ ਚੇਤੰਨ ਕਰਨ।

**ਲੱਚਰ ਗੀਤ ਕੀ ਹਨ** :—ਕਿਸੇ ਗੀਤ ਵਿੱਚ ਅਜਿਹਾ ਵਰਨਣ ਜੋ ਸਰੋਤੇ ਨੂੰ ਕਾਮ ਉਕਸਾਹਟ ਵੱਲ ਪ੍ਰੇਰਤ ਕਰੇ—ਲੱਚਰ ਅਖਵਾਉਂਦਾ ਹੈ। ਇਸ ਦੇ ਨਾਲ ਹੀ ਸਟੇਜ ਪ੍ਰੋਗਰਾਮਾਂ ਵਿੱਚ ਅਕਸਰ ਕੀਤੀਆਂ ਜਾਂਦੀਆਂ ਭੜਕੀਲੀਆਂ, ਅਸ਼ਲੀਲ ਹਰਕਤਾਂ ਨੂੰ ਵੀ ਜੋੜ ਕੇ ਨਿਰਨਾ ਕਰਨਾ ਚਾਹੀਦਾ ਹੈ ਕਿਉਂਕਿ ਅਜਿਹੀਆਂ ਹਰਕਤਾਂ ਗੀਤ ਨਾਲ ਜੁੜ ਕੇ ਅਪਣਾ ਪ੍ਰਭਾਵ ਦਿੰਦੀਆਂ ਹਨ। ਦੋ ਅਰਥੇ ਸ਼ਬਦਾਂ ਵਾਲੇ ਗੀਤ ਵੀ ਇਸੇ ਹੀ ਕੈਟਾਗਰੀ ਵਿੱਚ ਆਉਂਦੇ ਹਨ।

**ਲੱਚਰ ਗੀਤਾਂ ਦੀ ਉਤਪਤੀ ਤੇ ਪਿਛੋਕੜ** :— ਸਾਥੀ ਜਸ ਮੁਤਾਬਕ ਕਿ ਜਦੋਂ ਸਮਾਜ ਜਗੀਰੂ ਸੱਭਿਆਚਾਰਕ ਕਦਰਾਂ ਕੀਮਤਾਂ ਦੀ ਟੁੱਟ ਭੱਜ ਦੇ ਦੌਰ ਵਿੱਚੀਂ ਗੁਜ਼ਰਿਆ ਤੇ ਪੂੰਜੀਵਾਦੀ ਸਭਿਆਚਾਰਕ ਕਦਰਾਂ ਕੀਮਤਾਂ ਦੀ ਪੈਦਾਇਸ਼ ਹੋਈ ਤਾਂ ਜਗੀਰੂ ਸਮਾਜ ਦੀ ਘੁਟਨ ਚੋਂ ਮਰਦਾਂ ਔਰਤਾਂ (ਵਿਸ਼ੇਸ਼ ਕਰ ਕੇ ਔਰਤਾਂ) ਨੂੰ ਮਿਲੀ ਜਿਨਸੀ ਤੇ ਸਾਮਾਜਿਕ ਖੁੱਲ ਨੇ ਹੀ ਲਚਰਵਾਦ ਨੂੰ ਜਨਮ ਦਿੱਤਾ ਜੋ ਗੀਤਾਂ ਵਿਚ ਵੀ ਆਇਆ ਹੈ। ਇਸੇ ਨਿਰਨੇ ਦੇ ਅਧਾਰ ਤੇ **ਸਾਥੀ ਜਸ ਲਿਖਦਾ ਹੈ ਕਿ ਲੱਚਰ ਗੀਤਾਂ ਦੀ ਉਤਪਤੀ ਦਾ ਬੁਨਿਆਦੀ ਕਾਰਨ ਇਹ ਸੱਭਿਆਚਾਰਕ ਤਬਦੀਲੀ ਹੈ।**

ਕੀ ਗੱਲ ਬਿਲਕੁਲ ਹੀ ਇਉਂ ਹੈ ਜਾਂ ਸੱਚਾਈ ਕੁਝ ਹੋਰ ਹੈ, ਇਸ ਲਈ ਸਾਨੂੰ ਮਸਲੇ ਦੀ ਤਹਿ ਤੱਕ ਅੱਪੜਨ ਦਾ ਯਤਨ ਕਰਨਾ ਪਵੇਗਾ, ਬੀਤੇ ਦੀ ਇਤਿਹਾਸ ਨੂੰ ਘੋਖਣਾ ਪਵੇਗਾ।

ਜਗੀਰੂ ਦੌਰ ਵਿਚਲੇ ਗੀਤਾਂ ਬਾਰੇ ਲਿਖਦਿਆਂ ਦਸਦਾ ਹੈ ਕਿ ਉਸ ਦੌਰ ਵਿੱਚ ਤਾਂ, ਗਾਲਿਬ, ਦਾਗ, ਜ਼ੌਕ, ਦੇਹਲਵੀ, ਸੌਦਾ, ਆਤਸ਼ ਵਰਗੇ ਕਵੀ ਸਨ ਜੋ ਔਰਤ ਤੇ ਮਰਦ ਦੇ ਸਬੰਧਾਂ, ਪਿਆਰ ਤੇ ਔਰਤ ਦੀ ਸੁੰਦਰਤਾ ਸਬੰਧੀ ਬੜੇ ਸੂਖਮ ਤੇ ਸੰਕੇਤਕ ਅੰਦਾਜ਼ ਵਿਚ ਵਰਨਣ ਕਰਦੇ ਸਨ। ਸੋ ਜਗੀਰੂ ਦੌਰ ਵਿਚਲੇ ਗੀਤਾਂ ਵਿਚ ਅੱਜ ਵਾਂਗ ਅਸ਼ਲੀਲਤਾ ਨਹੀਂ ਸੀ ਹੁੰਦੀ।

ਇਸ ਦੀ ਪੁਸ਼ਟੀ ਲਈ ਜ਼ਰੂਰੀ ਹੈ ਕਿ ਬੀਤੇ ਨੂੰ ਫਰੋਲਿਆ ਜਾਵੇ। ਜਗੀਰੂ ਦੌਰ ਵਿਚਲੇ ਜਿਹਨਾਂ ਸ਼ਾਇਰਾਂ ਦਾ ਇਥੇ ਵਰਨਣ ਕੀਤਾ ਗਿਆ ਹੈ, ਪਿੰਡਾਂ ਦੀ ਬਹੁ-ਗਿਣਤੀ ਉਸ ਦੌਰ ਵਿਚ ਵੀ ਇਹਨਾਂ ਦੇ ਨਾਂ ਤੱਕ ਤੋਂ ਵਾਕਫ ਨਹੀਂ ਸੀ। ਉਪਰੋਕਤ ਸਾਰੇ ਸ਼ਾਇਰਾਂ ਵਿਚੋਂ ਮਿਰਜ਼ਾ ਗਾਲਿਬ ਤਾਂ ਸਾਡੇ ਸਮਾਜ ਦੀ ਪੜ੍ਹੀ ਲਿਖੀ ਸ਼੍ਰੇਣੀ ਨੂੰ ਨਾਂ ਆਦਿ ਤੇ ਅੱਜ ਪਤਾ ਹੋ ਸਕਦਾ ਹੈ। (ਉਹ ਵੀ ਸੀਮਤ ਦਾਇਰੇ ਤੱਕ)

ਗਾਲਿਬ ਦੀਆਂ ਰਚਨਾਵਾਂ ਸਬੰਧੀ ਘੋਖਣ ਲਈ ਅਸੀਂ ਵੀ ਗਾਲਿਬ ਦੀਆਂ ਚੋਣਵੀਆਂ ਰਚਨਾਵਾਂ ਦੀ ਕਿਤਾਬ ਖਰੀਦੀ, ਜਿਸ ਵਿਚ ਉਰਦੂ ਤੇ ਫਾਰਸੀ ਐਨੀ ਗੂੜ੍ਹੀ ਲਿਖੀ ਹੋਈ ਹੈ ਕਿ ਆਮ ਲੋਕਾਂ ਨੂੰ ਤਾਂ ਕੀ ਚੰਗੇ ਪੜ੍ਹੇ ਲਿਖੇ ਨੂੰ ਸਮਝ ਵਿੱਚ ਨਹੀਂ ਆਉਂਦੀ। ਕਿਤਾਬ ਵਿਚਲੀ ਹਰ ਨਜ਼ਮ ਜਾਂ ਸ਼ਿਅਰ ਵਿਚ ਆਉਂਦੇ ਢੇਰ ਸਾਰੇ ਫਾਰਸੀ ਆਦਿ ਦੇ ਔਖੇ ਸ਼ਬਦਾਂ ਦੇ ਅਰਥ ਹੇਠਾਂ ਹਿੰਦੀ ਵਿੱਚ ਦਿੱਤੇ ਹੋਏ ਹਨ। ਇਹਨਾਂ ਸ਼ਾਇਰਾਂ ਦਾ ਖੇਤਰ ਤਾਂ ਕੁੱਝ ਰੱਜੇ ਪੁੱਜੇ, ਪੜ੍ਹੇ ਲਿਖੇ, ਰਾਈਸਜ਼ਾਦੇ, ਨਵਾਬਜ਼ਾਦੇ ਤੇ ਗਿਣੇ ਚੁਣੇ ਮੁਸ਼ਾਇਰਿਆਂ ਤੱਕ ਹੀ ਸੀਮਤ ਸੀ।

o ਫਿਰ ਆਮ ਜਨਤਾ ਤੇ ਕਿਹੋ ਜਿਹੇ ਗੀਤ ਜਾਂ ਕਵਿਤਾਵਾਂ ਭਾਰੂ ਸਨ ? ਉਸ ਦੌਰ ਵਿਚ ਅਕਸਰ ਪਿੰਡਾਂ ਵਿਚ ਅਖਾੜੇ ਲੱਗਿਆ ਕਰਦੇ ਸਨ। ਜਿਹਨਾਂ ਵਿਚ ਦੋ ਤਾਰੇ ਤੂੰਬੇ ਨਾਲ ਗਾਇਕ ਆਸ਼ਕਾਂ ਮਾਸ਼ੂਕਾਂ ਦੇ ਕਿੱਸੇ ਗਾਂਵਿਆ ਕਰਦੇ ਸਨ। ਇਹਨਾਂ ਦਾ ਵਿਸ਼ਾ, ਰਾਜਿਆਂ ਰਾਣੀਆਂ, ਤੇ ਚੋਰ ਡਾਕੂਆਂ ਦੀਆਂ ਕਹਾਣੀਆਂ ਵੀ ਹੋਇਆ ਕਰਦੀਆਂ ਸਨ।

o ਮੇਲੇ ਅਕਸਰ ਭਾਵੇਂ ਪੀਰਾਂ ਦੀਆਂ ਦਰਗਾਹਾਂ ਤੇ ਜਾਂ ਮੌਸਮੀ ਹੀ ਲੱਗਿਆ ਕਰਦੇ ਸਨ। ਸਾਰੇ ਮੁੱਖ ਮੇਲਿਆਂ ਤੇ ਪਿੰਡਾਂ ਦੇ ਨੌਜਵਾਨ ਬਾਕਾਇਦਾ ਰੀਹਰਸਲਾਂ ਕਰਕੇ, ਤ੍ਰਿਆਰੀਆਂ ਕਸਕੇ ਬੋਲੀਆਂ ਤਿਆਰ ਕਰਕੇ ਲੈਕੇ ਜਾਇਆ ਕਰਦੇ ਸਨ। ਫਿਰ ਮੇਲੇ ਵਿੱਚ ਜਿਦ ਜਿਦ ਕੇ ਬੋਲੀਆਂ ਪੈਣੀਆਂ। ਇਹ ਬੋਲੀਆਂ ਬੋਲੀਆਂ ਅਕਸਰ ਐਨੀਆਂ ਗੰਦੀਆਂ ਹੁੰਦੀਆਂ ਸਨ ਕਿ ਇਥੇ ਵਰਨਣ ਨਹੀਂ ਕੀਤਾ ਜਾ ਸਕਦਾ। ਉਹੀ ਬੋਲੀਆਂ ਪਿੰਡ ਦੇ ਨੌਜਵਾਨਾਂ ਦੀਆਂ ਸੱਥਾਂ ਵਿਚ ਪਾਣੀ ਲਾਉਂਦੇ ਸਮੇਂ, ਡੰਗਰ ਚਾਰਦੇ ਸਮੇਂ ਮੁੜ ਮੁੜ ਪ੍ਰਗਟ ਹੁੰਦੀਆਂ ਰਹਿੰਦੀਆਂ ਸਨ। ਇਹੋ ਹਾਲ ਗਿੱਧੇ ਦਾ ਸੀ। ਜਦੋਂ ਮਰਦ ਘਰਾਂ ਤੋਂ ਬਾਹਰ ਕਿਤੇ ਜੰਝ ਆਦਿ ਚੜ੍ਹੇ ਹੋਣੇ ਜਾਂ ਉਂਝ ਔਰਤਾਂ ਨੂੰ ਤੀਆਂ ਆਦਿ 'ਚ ਮਸਾਂ ਮੌਕਾ ਲੱਭਣਾ। ਚਾਰ ਪੰਜ ਘੰਟੇ ਗਿੱਧੇ ਵਿੱਚ ਉਹ ਖਰੂਦਖਾਨਾ ਪਾਉਣਾ ਕਿ ਬਸ ਚੁੱਪ ਹੀ ਭਲੀ। ਇਹ ਘਟਵੇਂ ਰੂਪ 'ਚ ਅੱਜ ਵੀ ਜਾਰੀ ਹੈ) ਗਿੱਧੇ ਦੀਆਂ ਬੋਲੀਆਂ ਵੀ ਅਕਸਰ ਮੇਲਿਆਂ ਵਿੱਚ ਪੈਂਦੀਆਂ ਬੋਲੀਆਂ ਦੀ ਤਰਾਂ ਬਹੁਤ ਹੀ ਗੰਦੀਆਂ ਹੁੰਦੀਆਂ ਸਨ [ਜੋ ਇਕ ਹੱਦ ਤੱਕ ਅੱਜ ਵੀ ਚਲਦੀਆਂ ਹਨ]

ਇਸ ਤੋਂ ਬਿਨਾਂ ਜਲਸੇ, ਨਕਲਾਂ ਤੇ ਰਾਸ, ਮੁੰਡੇ ਦੀ ਵਧਾਈ ਸਮੇਂ ਨੱਚਦੇ ਖੁਸਰੇ ਦੇਖਣਾ, ਜਗੀਰਦਾਰਾਂ ਵੱਲੋਂ ਲਿਆਏ ਮੁਜਰੇ ਦੇਖਣਾ ਲੋਕਾਂ ਦਾ ਮੁੱਖ ਸ਼ੌਕ ਸੀ।

o ਜੇ ਅਸੀਂ ਇਮਾਨਦਾਰੀ ਨਾਲ ਬੀਤੇ ਤੇ ਝਾਤ

ਮਾਰੀਏ,ਅਸਲੀਅਤ ਸਪਸ਼ਟ ਹੋ ਜਾਵੇਗੀ ਕਿ ਜਗੀਰੂ ਸੱਭਿਆਚਾਰਕ ਦੌਰ ਵਿੱਚ ਲੋਕਾਂ ਵਿੱਚ ਗੀਤਾਂ ਆਦਿ ਤੇ ਲੱਚਰਵਾਦ ਬਹੁਤ ਵੱਡੀ ਪੱਧਰ ਤੇ ਗਾਲਬਾ ਜਮਾਈ ਬੈਠਾ ਸੀ।

o ਪਰ ਐਨਾ ਕੁਝ ਦੇ ਬਾਵਜੂਦ ਸਮਾਜ ਵਿਚ ਆਮ ਲੋਕਾਂ ਵਿੱਚ ਇੱਕ ਦੂਜੇ ਦੀ ਧੀ ਭੈਣ ਦੀ ਸ਼ਰਮ ਜ਼ਰੂਰ ਹੈ। ਕਹਿਣ ਤੋਂ ਭਾਵ ਕਿ ਰਾਹ ਜਾਂਦੀ ਕਿਸੇ ਦੀ ਧੀ ਭੈਣ ਨਾਲ ਮਾੜਾ ਵਰਤਾਉ ਕਰਨ ਵਾਲੇ ਨੂੰ ਅਕਸਰ ਬਹੁਤ ਬੁਰਾ ਸਮਝਿਆ ਜਾਂਦਾ ਸੀ। ਭਾਵੇਂ ਉਸ ਸਮੇਂ ਵੀ ਜਗੀਰਦਾਰ ਜਾਂ ਧਨਾਢ ਗਰੀਬਾਂ ਦੀਆਂ ਔਰਤਾਂ ਨਾਲ ਜਬਰਦਸਤੀ ਕਰਿਆ ਕਰਦੇ ਸਨ, ਪਰ ਆਮ ਲੋਕਾਂ ਵਿੱਚ ਅਜਿਹਾ ਨਹੀਂ ਸੀ। ਮੇਰੇ ਵਿਚਾਰ ਅਨੁਸਾਰ ਲੱਚਰਪੁਣੇ ਦੇ ਐ ਵੱਡੀ ਪੱਧਰ ਤੇ ਫੈਲੇ ਹੋਣ ਦੇ ਬਾਵਜੂਦ ਅਜਿਹੀ ਹਾਲਤ ਦਾ ਹੋਣਾ ਇਸ ਕਾਰਨ ਦਾ ਸਿੱਟਾ ਸੀ ਕਿ ਜਗੀਰੂ ਦੌਰ ਆਦਿ ਲੋਕ ਇੱਕ ਦੂਜੇ ਦੇ ਬਹੁਤ ਜ਼ਿਆਦਾ ਨਿਰਭਰ ਹੋਇਆ ਕਰਦੇ ਸਨ। ਉਦੋਂ ਇੱਕ ਦੂਜੇ ਦੁੱਖ ਸੁੱਖ ਵਿੱਚ ਮਾੜੇ ਉਤਦੇ ਨੂੰ ਕਿਸੇ ਪਿੰਡ ਵਾਲੇ ਨੇ ਹੀ ਕੰਮ ਆਉਣਾ ਹੁੰਦਾ ਸੀ। ਇਸੇ ਨਿਰਭਰਤਾ ਕਾਰਨ ਹੀ ਉਪਰੋਕਤ ਭਾਵਨਾ ਲੋਕਾਂ ਤੇ ਗਾਲਬ ਰਹੀ।

o ਜੇ ਇਸ ਤੋਂ ਪਹਿਲਾਂ ਦੀ ਹਾਲਤ ਨੂੰ ਵਾਚੀਏ ਤਾਂ ਪਤਾ ਲੱਗ ਜਾਵੇਗਾਂ ਕਿ ਗੁਲਾਮ ਦਾਰੀ ਯੁਗ ਵਿਚ ਵੀ ਸਾਹਿਤ ਤੇ ਗੀਤਾਂ ਵਿਚ ਲੱਚਰਵਾਦ ਖੁਲੇਆਮ ਮਿਲਦਾ ਸੀ। ਇਸ ਸਬੰਧੀ ਸਾਥੀ ਐਗਨਜ਼ ਨੇ ਅਪਣੀ ਪੁਸਤਕ, "ਟੱਬਰ ਨਿੱਜੀ ਜਾਇਦਾਦ ਤੇ ਰਾਜ ਦਾ ਮੁੱਢ" ਇਕ ਅਤਿਅੰਤ ਮਹੱਤਵਪੂਰਨ ਦਸਤਾਵੇਜ਼ ਹੈ। ਉਸ ਨੇ ਉਸ ਦੌਰ ਵਿਚਲੀ ਹਾਲਤ ਬਿਆਨ ਕਰਦਿਆਂ ਉਸ ਦੌਰ ਦੇ ਵਾਹਵਾ ਗੀਤਾਂ ਦੇ ਹਵਾਲੇ ਦਿੱਤੇ ਹਨ ਜੋ ਵਿਭਚਾਰੀ ਨਾਇਕ ਸੂਰਮਿਆਂ ਦੇ ਅਜਿਹੇ ਕਾਰਨਾਮਿਆਂ ਦਾ ਬੜੀ ਸਪਸ਼ਟਾ ਨਾਲ ਖੁਲੇਆਮ ਵਰਨਣ ਕਰਦੇ ਹਨ। ਜਾਂ ਇਉਂ ਕਹਿ ਲਉ ਕਿ ਗੀਤ ਹੀ ਪੂਰੇ ਅਸ਼ਲੀਲਤਾ ਭਰੇ ਹਨ। ਭਾਵੇਂ ਸਾਥੀ ਐਂਗਲਜ ਨੇ ਜਰਮਨ ਗੀਤਾਂ ਦੇ ਹਵਾਲੇ ਦਿੱਤੇ ਹਨ। ਇਹ ਗੀਤ ਕਿਸੇ ਖਾਸ ਦੌਰ ਦੀ ਪੈਦਾਵਾਰ ਸਨ। ਅਸੀਂ ਅਪਣੇ ਦੇਸ਼ ਦੇ ਇਤਿਹਾਸ ਨੂੰ ਹੀ ਜੇ ਘੋਖੀਏ ਤਾਂ ਇਥੇ ਵੀ ਲਾਜ਼ਮੀ ਅਜਿਹਾ ਕੁਝ ਮਿਲ ਜਾਵੇਗਾ। ਅਕਸਰ ਸਾਡੀਆਂ ਪੁਰਾਣੀਆਂ ਮਿਥਿਹਾਸਕ ਕਥਾਵਾਂ ਵਾਰੇ ਲਿਖੀਆਂ ਕਾਵਿ ਪੁਸਤਕਾਂ ਵਿੱਚ ਅਨੇਕਾਂ ਅਜਿਹੇ ਰਿਸ਼ੀਆਂ ਤੇ ਦੇਵਤਿਆਂ ਦਾ ਹੀ ਬੋਲ ਬਾਲਾ ਹੈ ਜੋ ਕਿਸੇ ਦੂਜੇ ਰਿਸ਼ੀ ਦੀ ਲੜਕੀ ਜਾਂ ਔਰਤ ਨਾਲ ਵਿਭਚਾਰ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਹੱਥ ਕੰਡੇ ਵਰਤਦੇ ਹਨ।— ਉਪਰੋਕਤ ਸਮੁੱਚੀ ਬਹਿਸ ਤੋਂ ਸਾਡਾ ਭਾਵ ਹੈ ਕਿ ਅਸ਼ਲੀਲਤਾ ਦਾ ਅੰਸ਼ ਤਾਂ ਗੁਲਾਮਦਾਰੀ ਯੁੱਗ ਦੇ ਜਾਂ ਯੁਗ ਵਾਰੇ ਲਿਖੇ ਸਾਹਿਤ ਵਿੱਚ ਵੀ ਮਿਲਦਾ ਹੈ।

**ਉਤਪਤੀ ਕਿੱਥੋਂ :**—ਸਾਡੇ ਵਿਚਾਰ ਅਨੁਸਾਰ ਜਦੋਂ ਕਬੀਲਾ ਵਿਆਹ ਤੋਂ ਬਾਦ ਇੱਕ ਪਤੀ ਇਕ ਪਤਨੀ ਪ੍ਰਥਾ ਦੀ ਸ਼ੁਰੂਆਤ, ਮਨੁੱਖੀ ਨਸਲ ਅੰਦਰ ਹੋਈ ਤਾਂ ਪਤਨੀ ਜਾਂ ਔਰਤ ਜਾਤ ਉਤੇ ਮਰਦ ਪ੍ਰਧਾਨ ਸਮਾਜ ਹਾਵੀ ਹੋ ਚੁੱਕਿਆ ਸੀ। ਪਤਨੀ ਵਾਰੇ ਜਦੋਂ 'ਮੇਰੀ ਪਤਨੀ' ਭਾਵ ਪਤਨੀ ਜਾਂ ਔਰਤ ਨੂੰ ਨਿੱਜੀ ਜਾਇਦਾਦ ਦੇ ਰੂਪ ਵਿੱਚ ਸਾਝਿਆਂ ਜਾਣ ਲੱਗਾ ਤਾਂ ਉਸ ਨਾਲ ਗਲਤ ਸਬੰਧ ਰੱਖਣ ਵਾਲੇ ਕਿਸੇ ਹੋਰ ਮਰਦ ਨੂੰ ਵੀ ਮਾੜਾ ਸਮਝਿਆ ਜਾਣ ਲੱਗਾ। ਇਹੋ ਮਨੁੱਖੀ ਸਭਾ ਟੱਬਰ ਦੇ ਹੋਰ ਖੂਨ ਦੇ ਰਿਸ਼ਤੇ ਵਾਲੇ ਜੀਆਂ ਦੇ ਸਬੰਧ 'ਚ ਹੋਇਆ। ਇਸੇ ਚੋਂ ਹੀ ਵਿਭਚਾਰ ਨਾਂ ਦੇ ਸੰਕਲਪ ਨੇ ਜਨਮ ਧਾਰਿਆ। ਇਸ ਤੋਂ ਪਹਿਲਾਂ ਇਹ ਸਧਾਰਨ ਪ੍ਰਵਿਰਤੀ ਸੀ। ਜਦੋਂ ਕਿਸੇ ਕੰਮ ਵਾਰੇ ਮਾੜੇ ਤੇ ਚੰਗੇ ਸਬੰਧੀ ਚੇਤਨਾ ਬਣਦੀ ਹੈ ਤਾਂ ਗੀਤਾਂ ਸਮੇਤ ਰਚੇ ਜਾਣ ਵਾਲੇ ਸਾਰੇ ਸਾਹਿਤ ਵਿੱਚ ਦੋਨਾਂ ਪੱਖਾਂ ਦਾ ਆਉਣਾ ਲਾਜ਼ਮੀ ਹੈ। ਜੇ ਭਾਰੂ ਗਲਤ ਸਮਾਜਿਕ ਪ੍ਰਬੰਧ ਹੋਵੇਗਾ ਤਾਂ ਸਾਹਿਤ ਵਿੱਚ ਵੀ ਨਾਂਹ ਪੱਖੀ ਪੱਖ ਭਾਰੂ ਹੋਵੇਗਾ।

**ਪੂੰਜੀਵਾਦ ਲੱਚਰਵਾਦ :**— ਇੱਕ ਸਵਾਲ ਪੈਦਾ ਹੋ ਸਕਦਾ ਹੈ ਕਿ ਜੇ ਲੱਚਰਪੁਣਾ ਪੁਰਾਣੇ ਦੌਰਾਂ ਵਿੱਚ ਵੀ ਗੀਤਾਂ ਵਿੱਚ ਥੋਕ ਮਾਤਰਾ ਵਿੱਚ ਮਿਲਦਾ ਹੈ ਤਾਂ ਫਿਰ ਪੂੰਜੀਵਾਦੀ ਦੌਰ ਅੰਦਰ ਅਜਿਹਾ ਕੀ ਵਾਪਰਿਆ ਕਿ ਜਿਸ ਨੇ ਐਨੀ ਵੱਡੀ ਪੱਧਰ ਤੇ ਇਹਨਾਂ ਅਸ਼ਲੀਲਤਾ ਭਰੇ ਗੀਤਾਂ ਦਾ ਪਸਾਰਾ ਕਰ ਦਿੱਤਾ ?

o ਪੂੰਜੀਵਾਦੀ ਪ੍ਰਬੰਧ ਜਾਂ ਸਿਸਟਮ, ਮਸ਼ੀਨਰੀ ਦਾ ਯੁਗ ਹੁੰਦਾ ਹੈ। ਹੋਰਨਾਂ ਤੋਂ ਇਲਾਵਾ ਮਸ਼ੀਨਾਂ ਦੇ ਖੇਤਰ ਵਿੱਚ ਰੀਕਾਰਡਿੰਗ, ਰੀਕਾਰਡ, ਲਾਊਡਸਪੀਕਰ, ਟੇਪ ਰਿਕਾਰਡ ਆਦਿ ਦੀ ਕਾਢ ਤੇ ਇਸ ਦੀ ਆਮ ਲੋਕਾਂ ਤੱਕ ਪੱਹੁਚ ਨਾਲ ਰੀਕਾਰਡ ਕੀਤੇ ਗਏ ਗੀਤ, ਲੋਕਾਂ ਦੇ ਬਨੇਰਿਆਂ ਤੇ ਵੱਜਣੇ ਸ਼ੁਰੂ ਹੋ ਗਏ। ਜਿਉਂ ਜਿਉਂ ਪੂੰਜੀਵਾਦੀ ਸਿਸਟਮ ਵਿਕਾਸ ਕਰਦਾ ਗਿਆ, ਇਸ ਨੇ ਲਾਜ਼ਮੀ ਤੌਰ ਤੇ ਮਨੁੱਖ ਦੀ ਸਮਾਜਿਕ ਜ਼ਿੰਦਗੀ ਵਿੱਚ ਫਰਕ ਪਾਉਣਾ ਸੀ। ਲੋਕਾਂ ਦੇ ਸੁਭਾਅ, ਰਸਮਾਂ ਸਭਿਆਚਾਰ ਵਿੱਚ ਪੂੰਜੀਵਾਦੀ ਰੁਝਾਨ ਦਾ ਬੋਲਬਾਲਾ ਹੋਣਾ ਲਾਜ਼ਮੀ ਹੀ ਸੀ । ਵਿਕਸਤ ਸਰਮਾਏਦਾਰ ਸਭਿਆਚਾਰ ਦੇ ਅਸਰ ਹੇਠ ਸਾਡੇ ਪੰਜਾਬ ਦੇ ਲੋਕਾਂ ਦਾ ਸੱਭਿਆਚਾਰ ਲਗਾਤਾਰ ਗਿਰਾਵਟ ਵੱਲ ਵਧਦਾ ਗਿਆ। ਜਿਉਂ ਜਿਉਂ ਪੂੰਜੀਵਾਦੀ ਰਿਸ਼ਤੇ ਪਰਪੱਕ ਹੋ ਰਹੇ ਹਨ ਤਿਉਂ ਤਿਉਂ ਲੱਚਰਪੁਣਾ ਵੱਧ ਖੁੱਲੇ ਰੂਪ ਵਿੱਚ ਅਪਣਾ ਪ੍ਰਗਟਾ ਕਰ ਰਿਹਾ ਹੈ। ਪੂੰਜੀਵਾਦੀ ਸੱਭਿਆਚਾਰਕ ਦੌਰ ਨੇ ਸਾਡੇ ਲੋਕਾਂ ਦੀ ਸਮਾਜਿਕ ਜ਼ਿੰਦਗੀ ਵਿੱਚ ਬਹੁਤ

ਵੱਡੀ ਗੜਬੜ ਪੈਦਾ ਕਰ ਦਿੱਤੀ ਹੈ। ਬਨੇਰੇ ਤੇ ਵੱਜਦੇ ਸਪੀਕਰ ਦੇ ਗੀਤਾਂ ਦੇ ਲੱਚਰ ਬੋਲ, ਤੁਸੀਂ ਚਾਹੋ ਜਾਂ ਨਾਂ ਚਾਹੋ, ਤੁਸੀਂ ਰਿਸ਼ਤੇਦਾਰੀ ਵਿੱਚ ਬੈਠੇ ਹੋਵੋ ਜਾਂ ਪ੍ਰੀਵਾਰ 'ਚ ਤੁਹਾਨੂੰ ਸੁਣਨੇ ਹੀ ਪੈਂਦੇ ਹਨ। ਅਜਿਹਾ ਹੋਣਾ ਲਗਾਤਾਰ ਲੋਕਾਂ ਦੇ ਸਮਾਜਿਕ ਜੀਵਨ ਨੂੰ ਨਿਘਾਰ ਵੱਲ ਲਿਜਾ ਰਿਹਾ ਹੈ। ਪੂੰਜੀਵਾਦ ਇਸ ਨਿਘਾਰ ਲਈ ਅਧਾਰ ਪੈਦਾ ਕਰਦਾ ਹੈ ਤੇ ਲੱਚਰ ਸੱਭਿਆਚਾਰ ਇਸ ਪ੍ਰਕਿਰਿਆ ਨੂੰ ਤੇਜ਼ ਕਰਦਾ ਹੈ।

ਸੋ ਭਾਵੇਂ ਗੀਤਾਂ ਵਿਚ ਲੱਚਰਪੁਣਾ ਪੁਰਾਣੇ ਦੌਰਾਂ ਤੋਂ ਮੌਜੂਦ ਹੈ ਪਰ ਪੂੰਜੀਵਾਦੀ ਯੁਗ ਚੋਂ ਪੈਦਾ ਹੋਏ ਰਿਸ਼ਤਿਆਂ ਤੇ ਮਸ਼ੀਨਰੀ ਨੇ ਇਹਨਾਂ ਗੀਤਾਂ ਦੇ ਪਸਾਰੇ ਵਿਚ ਬਹੁਤ ਵੱਡਾ ਰੋਲ ਅਦਾ ਕੀਤਾ ਹੈ। ਸਭਿਆਚਾਰਕ ਦੌਰ ਦੇ ਪਿਛੋਕੜ ਸਬੰਧੀ ਸਾਡਾ ਨਿਰਨਾ ਇਕਪਾਸੜ ਜੇ ਅਸੀਂ ਪਿਛਲੇ ਸਮੇਂ 'ਚ ਰਚੇ ਹਾਂ ਪੱਖੀ ਸਾਹਿਤ ਜਾਂ ਗੀਤ ਨਹੀਂ ਵਾਚਾਂਗੇ। ਜਦੋਂ ਵੀ ਕੋਈ ਸਮਾਜ ਸੁਧਾਰਕ ਜਾਂ ਇਨਕਲਾਬੀ ਲਹਿਰ ਪੰਜਾਬ ਦੀ ਧਰਤੀ ਤੇ ਚੱਲੀ ਉਸ ਪ੍ਰਗਟਾ ਸੱਭਿਆਚਾਰਕ ਖੇਤਰ ਵਿਚ ਵੀ ਪਿਆ। ਗੁਰੂ ਗੋਬਿੰਦ ਸਿੰਘ ਜੀ ਨੇ 52 ਕਵੀ ਰੱਖੇ ਹੋਏ ਸਨ। ਇਸ ਤੋਂ ਇਲਾਵਾ ਢਾਡੀ ਜੱਥੇ ਬੀਰ ਰਸੀ ਰਚਨਾਵਾਂ ਨਾਲ ਲੋਕਾਂ ਵਿਚ ਜ਼ੁਲਮ ਵਿਰੁਧ ਲੜਨ ਦਾ ਜੋਸ਼ ਭਰਿਆ ਕਰਦੇ ਸਨ ਪੰਜਾਬ ਦੀ ਕਮਿਊਨਿਸਟ ਲਹਿਰ ਖਾਸ ਕਰਕੇ ਨਕਸਲਬਾੜੀ ਲਹਿਰ ਦੇ ਪ੍ਰਭਾਵ ਅਧੀਨ ਬਹੁਤ ਸਾਰਾ ਸਾਹਿਤ ਤੇ ਗੀਤ ਰਚੇ ਗਏ। ਇਸ ਦੇ ਬਾਵਜੂਦ ਵੀ ਆਮ ਲੋਕਾਂ ਵਿਚ ਵੱਡੇ ਤੇ ਵਿਸ਼ਾਲ ਪੱਧਰ ਤੇ ਤਾਂ ਹਾਕਮ ਜਮਾਤਾਂ ਦੇ ਹੱਕ ਵਿਚ ਭੁਗਤ ਰਿਹਾ ਲੋਕ ਵਿਰੋਧੀ ਸੱਭਿਆਚਾਰ ਜਾਂ ਗੀਤ ਹੀ ਭਾਰੂ ਰਹੇ।

**ਲੱਚਰ ਗੀਤਾਂ ਦਾ ਅਧਾਰ ਸਥਾਪਤ ਕਰਨ ਵਿਚ ਸਕੂਲਾਂ ਕਾਲਜਾਂ ਦਾ ਰੋਲ :** ਸਾਥੀ ਜਸ ਨੇ ਲੱਚਰ ਗੀਤਾਂ ਦੇ ਫੈਲਰਨ ਦਾ ਅਧਾਰ ਕਿਸੇ ਹੱਦ ਤੱਕ ਸਾਡੇ ਵਿਦਿਅਕ ਢਾਂਚੇ ਨੂੰ ਦੱਸਿਆ ਹੈ। ਸਾਥੀ ਜਸ ਦੀ ਇਹ ਗੱਲ ਬਿਲਕੁਲ ਠੀਕ ਹੈ। ਪਰ ਜਿੰਨੀ ਕੁ ਤੇ ਜਿਸ ਕਿਸਮ ਦੀ ਇਹ ਹੈ, ਉਨੀ ਕੁ ਤੇ ਓਸੇ ਤਰ੍ਹਾਂ ਇਸਨੂੰ ਲੈਣਾ ਚਾਹੀਦਾ ਹੈ। ਬਿਨਾਂ ਸ਼ੱਕ ਸਾਡੇ ਦੇਸ਼ ਦਾ ਨਿਰਾਰਥਕ ਵਿਦਿਅਕ ਢਾਂਚਾ ਤੇ ਰਾਜਨੀਤਕ ਸਮਾਜਿਕ ਢਾਂਚਾ ਵਿਦਿਆਰਥੀਆਂ ਨੂੰ ਪੜ੍ਹਾਈ ਵੱਲ ਰੁਚਿਤ ਨਹੀਂ ਕਰ ਰਹੇ। ਸੋ ਉਹਨਾਂ ਦੀ ਸੋਚ ਗੁੰਮਰਾਹ ਹੁੰਦੀ ਹੈ। ਸਾਡਾ ਵਿਦਿਅਕ ਢਾਂਚਾ ਵੀ ਸਮੁੱਚੇ ਸਮਾਜ ਦੇ ਤਾਣੇ-ਬਾਣੇ ਦਾ ਇਕ ਹਿੱਸਾ ਹੈ। ਇਹ ਨਿਘਾਰ ਵੀ ਸਮੁੱਚੇ ਢਾਂਚੇ ਵਿਚਲੇ ਨਿਘਾਰ ਦਾ ਹੀ ਪ੍ਰਤੀਕ ਹੈ। ਪਰ ਯੂਥ ਫੈਸਟੀਵਲਾਂ ਵਿਚਲੇ ਭਾਰੂ ਪੱਖ ਨੂੰ ਲੱਚਰ ਕਿਹਾ ਜਾਵੇ ਤਾਂ ਇਹ ਠੀਕ ਨਹੀਂ ਹੋਵੇਗਾ। ਇਹਨਾਂ ਮੇਲਿਆਂ ਵਿਚ ਅਕਸਰ ਸਮਾਜ ਸੁਧਾਰਕ ਨਾਟਕ ਭਾਰੂ ਹੁੰਦੇ ਹਨ। ਕਵਿਤਾ ਪਾਠ ਵਿਚ ਵੀ ਅਕਸਰ ਅਜਿਹਾ ਹੀ ਹੁੰਦਾ ਹੈ। ਬਿਨਾਂ ਸ਼ੱਕ ਇਸ਼ਕ ਮੁਸ਼ਕ ਦੀਆਂ ਕਵਿਤਾਵਾਂ ਤੇ ਨਾਟਕ ਵੀ ਖੇਡੇ ਜਾਂਦੇ ਹਨ ਪਰ ਉਹ ਲੱਚਰਪੁਣੇ ਵਾਲੀ ਸਟੇਜ ਤੱਕ ਨਹੀਂ ਹੁੰਦੇ। ਹਾਂ, ਯੂਥ ਫੈਸਟੀਵਲਾਂ ਵਿਚ ਲੱਚਰ-ਪੁਣਾ ਤੇ ਅਸ਼ਲੀਲਤਾ ਮੁੰਡਿਆਂ ਦੇ ਭੰਗੜੇ ਤੇ ਕੁੜੀਆਂ ਦੀਆਂ ਬੋਲੀਆਂ ਮਿਲ ਸਕਦੀ ਹੈ।

ਸੋ ਵਿਦਿਅਕ ਸਿਸਟਮ ਨੂੰ ਸਮੁੱਚੇ ਸਮਾਜਿਕ ਢਾਂਚੇ ਨਾਲੋਂ ਤੋੜ ਕੇ ਨਹੀਂ ਦੇਖਣਾ ਚਾਹੀਦਾ। ਇਕ ਵਿਦਿ-ਆਰਥੀ ਸਾਲ ਦੇ 365 ਦਿਨਾਂ ਚੋਂ ਜੇ ਤਿੰਨ ਦਿਨ ਯੂਥ ਫੈਸਟੀਵਲ ਦੇਖ ਲੈਂਦੇ ਨੇ ਤਾਂ ਇਹ ਭਾਰੂ ਪੱਖ ਨਹੀਂ ਬਣਦਾ। ਕਿਉਂ 362 ਦਿਨ ਤਾਂ ਵਿਦਿਆਰਥੀ ਨੇ ਸਮਾਜ ਦੇ ਸਮੁੱਚੇ ਵਰਤਾਰੇ ਵਿਚ ਸ਼ਾਮਲ ਹੁੰਦੇ ਰਹਿਣਾ ਹੈ। ਸਕੂਲਾਂ ਦੇ ਮੁੰਡੇ ਕੁੜੀਆਂ ਦੇ ਸਬੰਧ 'ਚ ਉਪਰੋਕਤ ਜਸ ਦੀ ਧਾਰਨਾ ਠੀਕ ਨਹੀਂ। ਸਕੂਲਾਂ ਵਿਚ ਤਾਂ ਇਹ ਬਹੁਤ ਹੀ ਘੱਟ ਹੁੰਦਾ ਹੈ।

**ਇਸ਼ਕ ਹਕੀਕੀ ਤੇ ਮਿਜਾਜੀ ਦੇ ਗਾਇਕ :—** ਸਾਥੀ ਜਸ ਨੇ ਇਸ ਰੁਝਾਨ ਦੇ ਗਾਇਕਾ ਯਮਲਾ, ਆਸਾ ਸਿੰਘ ਮਸਤਾਨਾ, ਨਰਿੰਦਰ ਬੀਬਾ, ਸੁਰਿੰਦਰ ਆਦਿ ਦਾ ਜ਼ਿਕਰ ਕੀਤਾ ਹੈ ਕਿ ਇਹਨਾਂ ਨੇ ਰੁਮਾਂਸਵਾਦ ਤਾ ਗਾਇਆ ਪਰ ਉਦੋਂ ਅਜੇ ਰੁਮਾਂਸਵਾਦ ਦੇ ਨਾਂ ਹੇਠ ਲੱਚਰਵਾਦ ਜਾਂ ਅਸ਼ਲੀਲਤਾ ਦਾ ਪ੍ਰਗਟਾ ਸ਼ੁਰੂ ਨਹੀਂ ਸੀ ਹੋਇਆ। ਸਾਡੇ ਵਿਚਾਰ ਮੁਤਾਬਕ, ਬਣਦਾ ਇਹ ਹੈ ਕਿਸੇ ਵੀ ਗੀਤਕਾਰ ਜਾਂ ਗਾਇਕ ਦਾ ਨਿਰਨਾ ਕਰਨ ਤੋਂ ਪਹਿਲਾਂ ਉਸ ਦੇ ਸਾਰੇ ਪੱਖਾਂ ਦੀ ਘੋਖਪੜਤ ਹੋਣੀ ਚਾਹੀਦੀ ਹੈ। ਉਪਰੋਕਤ ਵਿਚੋਂ ਦੋ, ਯਮਲਾ ਜੱਟ ਤੇ ਨਰਿੰਦਰ ਬੀਬਾ ਦੇ ਗਾਣੇ ਸੁਣੇ ਹਨ ਤੇ ਸਟੇਜ ਪ੍ਰੋਗਰਾਮ ਦੇਖੇ ਹਨ। ਬੀਬਾ ਦੇ ਤਾਂ ਇਸ ਦੇ ਉਭਰਨ ਦੇ ਦੌਰ ਤੋਂ ਲੈ ਕੇ ਹੁਣੇ ਪਿਛੇ ਜਿਹੇ ਤਕ ਵਾਹਵਾ ਗਿਣਤੀ 'ਚ ਅਸਲੀਲਤਮ ਗੀਤ ਰੀਕਾਰਡ ਵੀ ਹੋਏ ਹਨ। ਤੇ ਹੁਣ ਤੱਕ ਉਪਰੋਕਤ ਦੋਵੇਂ ਕਲਾਕਾਰ ਜਦੋਂ ਸਟੇਜ ਪ੍ਰੋਗਰਾਮ ਦਿੰਦੇ ਹਨ ਤਾਂ ਲੱਚਰਪੁਣੇ ਦੀ ਖੁਲੀ ਨੁਮਾਇਸ਼ ਕਰਦੇ ਹਨ। ਸੋ 'ਪਰੰਪਰਾਵਾਦੀ' ਕਲਾਕਾਰਾਂ ਦਾ ਜਾਇਜ਼ਾ ਲੈਂਦਿਆ ਸਾਨੂੰ ਇਹ ਪਾਸੇ ਵੀ ਸਾਡੇ ਧਿਆਨ ਵਿਚ ਹੋਣਾ ਚਾਹੀਦਾ ਹੈ।

**ਧਾਰਮਿਕ ਗੀਤ :—** ਬਿਨਾਂ ਸ਼ੱਕ ਧਾਰਮਿਕ ਗੀਤਾਂ ਵਿਚ ਥੋਥਾ ਜਿਹਾ ਆਦਰਸ਼ਵਾਦੀ ਪੱਖ ਹੀ ਭਾਰੂ ਰਿਹਾ ਪਰ ਇਹਦੇ ਨੁਮਾਇੰਦਾ ਗਾਇਕਾਂ ਤੇ ਗੀਤਕਾਰਾਂ ਨੂੰ ਜਿਥੇ ਨੋਟ੍ਹ ਕੀਤਾ ਗਿਆ ਹੈ, ਉਥੇ ਇਸ ਰੁਝਾਨ ਦੇ ਪ੍ਰਮੁਖ ਅੰਸ਼ ਢਾਡੀ ਤੇ ਕਵੀਸ਼ਰਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ ਹੈ। ਪੇਪਰ ਵਿਚ ਦਰਜ ਕਲਾਕਾਰਾਂ ਨਾਲੋਂ

ਕਿਤੇ ਵਧ ਤੇ ਵਿਸ਼ਾਲ ਰੂਪ ਵਿਚ ਧਾਰਮਿਕ ਗੀਤਾਂ ਦੀ ਨੁਮਾਇੰਦਗੀ ਕਰਦੇ ਹਨ।

**ਜਗੀਰੂ ਸਮਾਜਿਕ ਪ੍ਰਬੰਧ ਤੇ ਜਗੀਰੂ ਰਿਸ਼ਤਿਆਂ ਦੀ ਜਕੜ ਬਾਰੇ :** ਬਣਦਾ ਤਾਂ ਇਹ ਸੀ ਕਿ ਲੇਖਕ ਸਾਥੀ ਜਸ, ਸਾਡੇ ਸਮਾਜ ਵਿਚਲੇ ਜਗੀਰੂ ਸਮਾਜ ਪ੍ਰਬੰਧ ਬਾਰੇ ਇਹਦੇ ਭਵਿੱਖ ਬਾਰੇ ਦੱਸਦਾ ਪਰ ਗੱਲ ਕਰਦਿਆਂ ਕਰਦਿਆਂ ਲੇਖਕ ਸਿਰਫ ਇਸੇ ਗੱਲ ਤੇ ਖਫ਼ਾ ਹੋਣਾ ਸ਼ੁਰੂ ਹੋ ਗਿਆ ਕਿ ਗੀਤਕਾਰ ਔਰਤ ਦੇ ਗੋਰੇ ਰੰਗ ਦੀ ਸਿਫਤ ਕਿਉਂ ਕਰਦੇ ਹਨ, ਕਾਲੇ ਦੀ ਕਿਉਂ ਨਹੀਂ। ਜੇ ਰੌਲਾ ਸਿਰਫ ਕਾਲੇ ਰੰਗ ਦੀ ਸਿਫਤ ਦਾ ਹੀ ਹੈ ਤਾਂ ਲੈਲਾ ਮਜਨੂੰ ਦਾ ਤਾਂ ਸਾਰਾ ਕਿੱਸਾ ਹੀ ਲੈਲਾ ਦੇ ਕਾਲੇ ਰੰਗ ਦੀ ਪ੍ਰਸ਼ੰਸਾ ਵਿਚ ਰੰਗਿਆ ਪਿਆ ਹੈ। ਪਰ ਆਪਣੇ ਲਈ ਵਿਚਾਰਨ ਦਾ ਮਸਲਾ ਤਾਂ ਮੌਜੂਦਾ ਸਮਾਜਿਕ ਢਾਂਚੇ ਬਾਰੇ ਹੈ।

ਮੇਰੇ ਵਿਚਾਰ ਅਨੁਸਾਰ ਪੰਜਾਬ ਦੇ ਮੌਜੂਦਾ ਸਮਾਜ ਹੇਠੋਂ ਜੰਗੀਰਦਾਰੀ ਦਾ ਪਦਾਰਥਕ ਅਧਾਰ ਤਾਂ ਖੁਰ ਗਿਆ ਹੈ ਪਰ ਜਗੀਰੂ ਰਸਮਾਂ ਤੇ ਵਿਚਾਰ ਅਜੇ ਇਕ ਹੱਦ ਤੱਕ ਆਪਣੀ ਹੋਂਦ ਰੱਖਦੇ ਹਨ। ਇਹਨਾਂ ਵਿਚਾਰਾਂ ਤੇ ਰਸਮਾਂ ਵਿਚ ਵੀ ਟੁੱਟ ਭੱਜ ਹੋ ਰਹੀ ਹੈ। ਪੂੰਜੀਵਾਦੀ ਸਭਿਆਚਾਰ ਬੜੀ ਤੇਜ਼ੀ ਨਾਲ ਵਿਕਾਸ ਕਰ ਰਿਹਾ ਹੈ।

ਸਾਥੀ ਜਸ ਇਥੇ ਲਿਖਦਾ ਹੈ ਕਿ ਸਾਡੇ ਸਮਾਜ ਵਿਚ ਜਗੀਰੂ ਪ੍ਰਬੰਧ ਕਾਇਮ ਹੈ ਤੇ ਜਗੀਰੂ ਰਿਸ਼ਤਿਆਂ ਦੀ ਜਕੜ ਵੀ ਓਸੇ ਤਰ੍ਹਾਂ ਬਣੀ ਪਈ ਹੈ। ਜਦਕਿ ਜਦੋਂ ਲੱਚਰ ਗੀਤਾਂ ਦੇ ਪੈਦਾਇਸ਼ ਦੀ ਗੱਲ ਕਰਦਾ ਹੈ ਤਾਂ ਇਹੋ ਪੇਪਰ ਕਹਿੰਦਾ ਹੈ ਕਿ ਜਗੀਰੂ ਕਦਰਾਂ ਕੀਮਤਾਂ ਵਿਚ ਟੁਟ ਭੱਜ ਕਾਰਨ ਹੀ ਲੱਚਰ ਗੀਤ ਪੈਦਾ ਹੋਏ। ਜੇ ਟੁੱਟ ਭੱਜ ਹੋਈ ਹੈ ਤਾਂ ਫਿਰ ਜਕੜ ਓਸੇ ਤਰ੍ਹਾਂ ਕਿਵੇਂ ਹੋਈ ?

**ਗੁਰਦਾਸ ਮਾਨ ਬਾਰੇ ਗਲਤ ਨਿਰਣਾ :** ਸਾਥੀ ਜਸ ਨੇ ਆਪਣੇ ਪੇਪਰ ਦਾ ਅੱਠਵਾਂ ਹਿੱਸਾ ਗੁਰਦਾਸ ਮਾਨ ਦੇ ਵਿਸ਼ਲੇਸ਼ਣ ਕਰਨ ਤੇ ਲਾਇਆ ਹੈ। ਮਾਨ ਦੇ ਮਾਰਕੀਟ ਵਿਚ ਆਉਣ ਬਾਰੇ ਜਸ ਦਾ ਨਿਰਣਾ ਹੈ ਕਿ ਲੋਕੀ ਕੁਝ ਸਮੇਂ ਤੋਂ .ਕੇ. ਦੀਪ ਤੇ ਸਦੀਕ ਹੋਰਾਂ ਤੋਂ ਅੱਕ ਗਏ ਹਨ ਤਾਂ ਹੀ ਗੁਰਦਾਸ ਮਾਨ ਲੱਚਰਪੁਣਾ ਨਵੇਂ ਰੂਪ 'ਚ ਲੈ ਕੇ ਹਾਜ਼ਰ ਹੋਇਆ ਹੈ। ਪਹਿਲੀ ਗੱਲ ਅੱਜ ਵੀ ਸਦੀਕ ਦੇ ਅਖਾੜਿਆਂ ਤੇ ਚਾਰ-ਪੰਜ ਹਜ਼ਾਰ ਦਾ ਇਕੱਠ ਆਮ ਹੋ ਜਾਂਦਾ ਹੈ। ਘੱਟੋ ਘੱਟ 40-50 ਕੁ ਟੇਪਾਂ ਹਰ ਅਖਾੜੇ 'ਚ ਅਕਸਰ ਹੁੰਦੀਆਂ ਹਨ। ਉਹਨਾਂ ਨੂੰ ਸਦੀਆਂ ਤੋਂ ਵਿਹਲ ਨਹੀਂ। ਸਿਰਫ ਸਦੀਕ ਦੇ ਗਾਏ ਟੱਪੇ ਸੁਣਨ ਲਈ ਹੀ ਪਿੰਡਾਂ ਦੇ ਨੌਜਵਾਨਾਂ ਨੂੰ ਰਾਣੋ ਫਿਲਮ ਚਾਰ ਚਾਰ ਵਾਰ ਦੇਖਦੇ ਤੱਕਿਆ ਹੈ। ਲੋਕ ਸਦੀਕ ਹੋਰਾਂ ਤੋਂ ਅੱਕ ਗਏ ਹਨ – ਇਹ ਅੰਤਰਮੁਖੀ ਨਿਰਣੇ ਤੋਂ ਬਿਨਾਂ ਕੁਝ ਨਹੀਂ।

ਤੇ ਗੁਰਦਾਸ ਮਾਨ, ਸਦੀਕ ਹੋਰਾਂ ਤੋਂ ਲੋਕਾਂ ਦੇ ਅੱਕ ਜਾਣ ਕਰਕੇ ਆਪਣੀ ਮਾਰਕੀਟ ਨਹੀਂ ਬਣਾ ਗਿਆ ਸਗੋਂ ਸਾਡੇ ਵਿਚਾਰ ਅਨੁਸਾਰ ਗੱਲ ਇਉਂ ਹੈ ਕਿ ਬੁਰਜੂਆ ਗੀਤਾਂ ਦੇ ਖੇਤਰ ਵਿਚ ਜਿਥੇ ਆਸ਼ੇ ਵਿਚ ਏਕਤਾ ਹੈ ਉਥੇ ਮੁਕਾਬਲਾ ਵੀ ਹੈ। ਗੁਰਦਾਸ ਮਾਨ ਨੇ ਆਪਣੀ ਮਾਰਕੀਟ ਦਾ ਮੁੱਖ ਘੇਰਾ ਚਿੱਟਕਪੜੀਆਂ ਨੂੰ ਚੁਣਿਆ ਇਹ ਘੇਰਾ ਲਗਭਗ ਖਾਲੀ ਹੀ ਸੀ। ਉਸ ਦੀਆਂ ਸਮੁੱਚੀਆਂ ਰਚਨਾਵਾਂ ਇਸ ਘੇਰੇ ਦੀ ਪੱਧਰ ਦੀਆਂ ਹਨ। ਇਸੇ ਕਰਕੇ ਇੰਨੀ ਜਲਦੀ ਐਨਾ ਮਸ਼ਹੂਰ ਹੋ ਗਿਆ, ਬਿਨਾਂ ਸ਼ੱਕ ਇਸ ਵਿਚ ਉਸਦੀ ਆਪਣੀ ਕਲਾ ਦਾ ਰੋਲ ਵੀ ਹੈ।

ਜਮਾਤੀ ਵਿਚਾਰਧਾਰਕ ਪੱਖ ਤੋਂ ਗੁਰਦਾਸ ਮਾਨ ਦਾ ਵਿਸ਼ਲੇਸ਼ਣ ਕਰੀਏ ਤਾਂ ਇਸ ਸਿੱਟੇ ਤੇ ਅਸੀਂ ਬਿਲਕੁਲ ਨਹੀਂ ਪੁੱਜਾਂਗੇ ਕਿ ਉਹ ਸਰਮਾਏਦਾਰਾ ਸੋਚ ਦਾ ਗੀਤਕਾਰ ਤੇ ਗਾਇਕ ਹੈ ਕਿਉਂਕਿ ਉਸਦੀਆਂ ਆਮ ਰਚਨਾਵਾਂ ਜਾਂ ਤਾਂ ਪਿਆਰ ਜਾਂ ਰੁਮਾਂਸ ਦੀਆਂ ਹੁੰਦੀਆਂ ਹਨ ਜਾਂ ਉਸਦਾ ਵਿਸ਼ਾ ਇਹ ਹੁੰਦਾ ਹੈ ਕਿ ਸਮਾਜ ਦਾ ਮੌਜੂਦਾ ਸਿਸਟਮ ਗਲਤ ਹੈ ਇਸ ਨੇ ਪੁਰਾਣੀਆਂ ਕਦਰਾਂ ਕੀਮਤਾਂ ਖਤਮ ਕਰ ਦਿੱਤੀਆਂ ਹਨ— ਸੋ ਇਸਦੇ ਹੱਲ ਵਜੋਂ ਉਹ ਕਹਿੰਦਾ ਹੈ ਕਿ ਪੁਰਾਣਾ (ਜਗੀਰੂ) ਸੱਭਿਆਚਾਰ ਠੀਕ ਸੀ। ਪੁਰਾਣਾ ਜਗੀਰੂ ਢਾਂਚਾ ਤੇ ਉਸਦੀਆਂ ਭਾਰੂ ਕਦਰਾਂ ਕੀਮਤਾਂ ਠੀਕ ਸਨ। ਸੋ ਜਮਾਤੀ ਪੱਖ ਤੋਂ ਵਿਚਾਰੀਏ ਤਾਂ ਜਗੀਰੂ ਕਦਰਾਂ ਕੀਮਤਾਂ ਦੀ ਖੁਲੇਆਮ ਵਕਾਲਤ ਕਰਨ ਵਾਲਾ ਇਕੋ ਇਕ ਕਲਾਕਾਰ ਗੁਰਦਾਸ ਮਾਨ ਹੀ ਹੈ। ਭਾਵੇਂ ਗੁਰਦਾਸ ਮਾਨ ਦੇ ਗੀਤਾਂ ਦਾ ਭਾਰੂ ਪੱਖ ਲੱਚਰਪੁਣਾ ਨਹੀਂ ਫਿਰ ਵੀ ਗੁਮਰਾਹਕੁਨ ਤਾਂ ਹੈ ਹੀ।

ਕਿਸੇ ਇਕ ਗੀਤ ਨੂੰ ਲੈ ਕੇ ਕਿਸੇ ਗਾਇਕ ਜਾਂ ਗੀਤਕਾਰ ਜਾਂ ਰੁਝਾਨ ਦਾ ਵਿਸ਼ਲੇਸ਼ਣ ਕਰਨ ਨਾਲ ਹਮੇਸ਼ਾ ਗਲਤ ਸਿੱਟੇ ਨਿਕਲਦੇ ਹਨ।

**ਜਨਤਾ ਦਾ ਲੱਚਰ ਗੀਤਾਂ ਸਬੰਧੀ ਰਵੱਈਆ:** ਅਕਸਰ ਪੰਜਾਬ ਦੇ ਬਜ਼ੁਰਗ ਲੱਚਰ ਗੀਤਾਂ ਦੇ ਇੰਝ ਸ਼ਰੇਆਮ ਲੱਗਣ ਨੂੰ ਮਾੜਾ ਸਮਝਦੇ ਹਨ। ਜਦਕਿ ਨੌਜਵਾਨ ਤਬਕਾ ਬਿਲਕੁਲ ਨੰਗੇਜਵਾਦ ਵਾਲੇ ਗੀਤਾਂ ਨੂੰ ਸੁਣਦੇ ਵੀ ਹਨ ਪਰ ਮਾੜਾ ਵੀ ਕਹਿੰਦੇ ਹਨ। ਆਮ ਕਰਕੇ ਵਿਚਕਾਰਲੇ ਮੇਲ ਦੇ ਗੀਤ ਨੌਜਵਾਨ ਵੱਧ ਪਸੰਦ ਕਰਦੇ ਹਨ ਜੋ ਲੱਚਰਪੁਣਾ ਪਰਦੇ ਹੇਠ ਪੇਸ਼ ਕਰਦੇ ਹਨ। ਅਕਸਰ ਘਰਾਂ 'ਚ ਖੜਕਦੀ ਟੇਪ ਰਿਕਾਰਡ ਤੇ ਏ.ਐਸ. ਕੰਗ ਦੇ, ਮਾਣਕ ਦੇ ਜਾਂ ਧਾਰਮਿਕ ਗੀਤ ਵੱਜਦੇ ਹਨ।

ਜਦੋਂ ਮੁੰਡੇ ਮੋਟਰ ਤੇ ਪਾਣੀ ਲਾਉਣ ਜਾਂ ਕਿਤੇ ਬਾਹਰ ਇਕਾਂਤ 'ਚ ਜਾਣਗੇ ਤਾਂ ਉਸੇ ਟੇਪ ਨਾਲ 'ਚਮਕੀਲੇ, ਰਮਲੇ ਦੀਦਾਰ ਸੰਧੂ ਲੱਖੀ ਵਣਜਾਰਾ ਤੇ ਹੋਰ ਜੱਗੀ ਹੋਰਾਂ ਦੀਆਂ ਕੈਸਟਾਂ ਖੀਸੇ 'ਚ ਹੁੰਦੀਆਂ ਹਨ। ਯਾਨੀ ਕਿ ਇਹਨਾਂ ਦੇ ਗੀਤ ਘਰਾਂ 'ਚ ਸਰੇਆਮ ਆਮ ਘਰਾਂ 'ਚ ਟੇਪਾਂ ਤੇ ਨਹੀਂ ਲੱਗਦੇ—ਲੋਕਾਂ ਦਾ ਵੱਡਾ ਹਿੱਸਾ ਮਾੜਾ ਸਮਝਦਾ ਹੈ। ਕਾਫੀ ਗਿਣਤੀ ਪਿੰਡਾਂ ਵਿਚ ਇਸੇ ਕਰਕੇ ਸਪੀਕਰ ਲੱਗਣਾ ਬੰਦ ਕੀਤਾ ਗਿਆ ਹੈ। ਸੋ ਸਾਡਾ ਸਮਾਜ ਅਜੇ ਪੂਰੀ ਤਰ੍ਹਾਂ ਲੱਚਰਪੁਣੇ ਦੀ ਦਲਦਲ ਵਿਚ ਨਹੀਂ ਸਰਕਿਆ। ਲੋਕਾਂ ਵਿਚ ਲੱਚਰ ਗੀਤਾਂ ਦੇ ਖਿਲਾਫ ਇਕ ਭਾਵਨਾ ਇਹਨਾਂ ਦੇ ਸ਼ਰੇਆਮ ਲੱਗਣ ਦੇ ਖਿਲਾਫ ਪਈ ਹੈ। ਲੱਚਰ ਗੀਤਾਂ ਦੇ ਵਿਰੋਧ ਦੀ ਇਸ ਭਾਵਨਾ ਦਾ ਸਾਨੂੰ ਪੂਰਾ ਪੂਰਾ ਫਾਇਦਾ ਉਠਾਉਣਾ ਚਾਹੀਦਾ ਹੈ।

**ਹਮਲਾ ਕਿੱਥੇ ਹੋਵੇ :** ਜਦੋਂ ਸਾਡੇ ਵਕਤੇ ਸਟੇਜਾਂ ਤੋਂ ਬੋਲਦੇ ਹਨ ਤਾਂ ਅਕਸਰ ਮਾਣਕ ਤੇ ਗੁਰਦਾਸ ਮਾਨ ਹੀ ਉਹਨਾਂ ਦੀ ਕਰੋਪੀ ਦਾ ਸ਼ਿਕਾਰ ਹੁੰਦੇ ਹਨ। ਅਕਸਰ ਸਾਡੇ ਬੁਲਾਰਿਆਂ ਵਲੋਂ ਅਜਿਹਾ ਕਰਦੇ ਸਮੇਂ ਲੱਚਰ ਗੀਤਾਂ ਦੇ ਅਸਲ ਰਚਣਹਾਰੇ ਤੇ ਗਾਇਕ—ਚਮਕੀਲਾ, ਰਮਲਾ, ਦੀਦਾਰ ਸੰਧੂ, ਲੱਖੀ ਵਣਜਾਰਾ ਤੇ ਇਹੋ ਜਿਹੇ ਦਰਜਨਾਂ ਹੀ ਹੋਰ ਸਾਡੇ ਪਰਚਾਰ ਦੇ ਹਮਲੇ ਤੋਂ ਸਾਫ ਬਚ ਜਾਂਦੇ ਹਨ। ਸਾਡੇ ਖਿਆਲ ਅਨੁਸਾਰ ਮਾਣਕ ਜਾਂ ਗੁਰਦਾਸ ਮਾਨ ਦੇ ਗੀਤਾਂ ਦਾ ਭਾਰੂ ਪੱਖ ਲੱਚਰਪੁਣਾ ਨਹੀਂ ਹੈ। ਇਹ ਜਗੀਰੂ ਸੋਚ ਦੇ ਕਲਾਕਾਰ ਹਨ। ਇਹਨਾਂ ਨਾਲ ਇਸੇ ਐਂਗਲ ਤੋਂ ਨਿਪਟਣਾ ਚਾਹੀਦਾ ਹੈ। ਜਦੋਂ ਅਸੀਂ ਹਮਲਾ ਗਲਤ ਨਿਸ਼ਾਨਾ ਮਿਥ ਕੇ ਕਰਦੇ ਹਾਂ ਤਾਂ ਲੋਕਾਂ ਤੇ ਠੀਕ ਅਸਰ ਨਹੀਂ ਪੈਂਦਾ। ਸੋ ਸਾਡਾ ਨਿਸ਼ਾਨਾ ਹੀ ਜੇ ਗਲਤ ਹੋਵੇ ਤਾਂ ਨਤੀਜੇ ਹਾਸਲ ਨਹੀਂ ਹੋ ਸਕਣਗੇ।

ਸਾਡਾ ਨਿਸ਼ਾਨਾ ਲੱਚਰ ਗੀਤਾਂ ਦੇ ਰਚਣਹਾਰੇ ਮਿਰਜ਼ਾ ਸੰਗੋਵਾਲੀਆ, ਬਾਬੂ ਸਿੰਘ ਮਾਨ, ਚਮਕੀਲਾ, ਗਾਮੀ ਸੰਗਤਪੁਰੀਆ, ਬਾਲੀ ਰੇਤਵਾਲੀਆ, ਸੰਦੀਲਾ, ਸ਼ਰਮੀਲਾ ਆਦਿ ਮੁੱਖ ਰੂਪ ਵਿਚ ਤੇ ਗਾਇਕ ਚਮਕੀਲਾ ਰਮਲਾ, ਸਦੀਕ, ਜੱਗੀ, ਸੰਧੂ, ਲੱਖੀ ਵਣਜਾਰਾ ਆਦਿ ਮੁੱਖ ਰੂਪ ਵਿਚ ਬਣਨੇ ਚਾਹੀਦੇ ਹਨ। ਇਹ ਮੁੱਖ ਲੇਖਕ ਤੇ ਗਾਇਕ ਹਨ ਜਿਹੜੇ ਲਿਖਦੇ ਤੇ ਗਾਉਂਦੇ ਵੀ ਲੱਚਰ ਹਨ ਤੇ ਸਥਾਪਤ ਵੀ ਹੋ ਰਹੇ ਹਨ ਬਿਨਾਂ ਸ਼ੱਕ ਗੁਰਦਾਸ ਮਾਨ ਟਾਈਪ ਛੁਪੇ ਹੋਏ ਦੁਸ਼ਮਣ ਵੱਧ ਘਾਤਕ ਹੋਇਆ ਕਰਦੇ ਹਨ ਪਰ ਇਹਨਾਂ ਨੂੰ ਹਾਰ ਵੀ ਤਦ ਹੀ ਦਿੱਤੀ ਜਾ ਸਕਦੀ ਹੈ ਜੇ ਲੜਾਈ ਠੀਕ ਪੈਂਤੜੇ ਤੇ ਦਾਅਪੇਚ ਨਾਲ ਹੋਵੇ। 'ਮਾਨ' ਤੇ ਇਸ ਕਿਸਮ ਦਾ ਅਟੈਕ ਹੋਣਾ ਚਾਹੀਦਾ ਹੈ ਕਿ ਵਿਗੜੀ ਹੋਈ ਸਮਾਜਿਕ ਹਾਲਤ ਦਾ ਜ਼ਿਕਰ ਕਰਨ ਤੋਂ ਬਾਦ ਜੋ ਹੋਰ ਉਹ ਪੇਸ਼ ਕਰਦਾ ਹੈ ਉਹ ਗੁਮਰਾਹ ਕਰਨ ਵਾਲਾ ਹੈ। ਇਹ ਹੱਲ ਯਾਨੀ ਮੁੜ ਪੁਰਾਣੇ (ਜਗੀਰੂ) ਸੱਭਿਆਚਾਰ ਦੀ ਵਾਪਸੀ ਇਕ ਨਾ ਹੋ ਸਕਣ ਵਾਲੀ ਗੱਲ ਹੈ। ਇਸ ਵਿਗੜੀ ਅਵਸਥਾ ਦਾ ਹੱਲ ਸਿਰਫ ਇਸ ਸਮਾਜ ਨੂੰ ਮੁਢੋਂ ਸੁਢੋਂ ਬਦਲਣ ਨਾਲ ਹੀ ਹੋ ਸਕਦਾ ਹੈ।

**ਲੋਕ ਪੱਖੀ ਗੀਤ ਤੇ ਉਹਨਾਂ ਦੀ ਸਥਾਪਤੀ ਦਾ ਮਸਲਾ :** ਸਾਥੀ ਜਸ ਦੀ ਇਹ ਗੱਲ ਬਿਲਕੁਲ ਦਰੁਸਤ ਹੈ ਕਿ ਲੱਚਰ ਗੀਤਾਂ ਦਾ ਮੁਕਾਬਲਾ ਕਰਨ ਲਈ ਲੋਕ ਪੱਖੀ ਗੀਤਕਾਰਾਂ ਨੂੰ ਹੀ ਅੱਗੇ ਆਉਣਾ ਪੈਣਾ ਹੈ ਕਿਉਂਕਿ ਉਹਨਾਂ ਪਾਸ ਆਰਥਕ ਤੇ ਸੱਭਿਆਚਾਰਕ ਸੰਕਟ 'ਚ ਘਿਰੇ ਮਨੁੱਖ ਨੂੰ ਦੇਣ ਲਈ ਸੇਧ ਹੈ ਜੋ ਉਸਦਾ ਅਜਿਹੀ ਹਾਲਤ ਤੋਂ ਛੁਟਕਾਰਾ ਦਿਵਾ ਸਕਦੀ ਹੈ। ਇਸੇ ਪ੍ਰਸੰਗ 'ਚ

o ਪੰਜਾਬ ਲੋਕ ਸਭਿਆਚਾਰਕ ਮੰਚ ਦਾ ਬਣਨਾ ਇਕ ਸ਼ੁਭ ਸ਼ਗਨ ਹੈ।

*ਪਰ ਸਾਡੇ ਗੀਤ ਲੋਕਾਂ ਵਿਚ ਤਦ ਹੀ ਪ੍ਰਵਾਨਤ ਹੋ ਸਕਣਗੇ ਜੇ ਉਹ ਸੱਚਮੁੱਚ ਹੀ ਲੋਕਾਂ ਦੀ ਜ਼ਿੰਦਗੀ 'ਚ ਤਰਜਮਾਨੀ ਕਰਦੇ ਹੋਣਗੇ। ਪਰ ਇਨਕਲਾਬੀ ਗੀਤਕਾਰਾਂ ਵਿਚ ਕਿਸੇ ਵਰਗ ਜਾਂ ਵਿਅਕਤੀ ਦਾ ਸੰਜੀਦਗੀ ਨਾਲ ਚਿਤਰਨ ਕਰਨ ਪੱਖੋਂ ਘਾਟ ਹੈ। ਵਿਸ਼ਾ ਵਸਤੂ ਦੇ ਪੱਖ ਤੋਂ ਸਾਡੇ ਗੀਤਕਾਰਾਂ ਨੂੰ ਇਹ ਚਾਹੀਦਾ ਹੈ ਕਿ ਉਹ ਮਿਹਨਤਕਸ਼ ਲੋਕਾਂ ਦੀਆਂ ਵੱਖ ਵੱਖ ਪਰਤਾਂ ਦੀ ਜ਼ਿੰਦਗੀ ਦੀ ਮਨੋਵਿਗਿਆਨਕ ਤੌਰ ਤੇ ਤਰਜਮਾਨੀ ਕਰਦੇ ਗੀਤ ਲਿਖਣ।

ਸਾਡੇ ਮੌਜੂਦਾ ਗੀਤਕਾਰ ਅੱਵਲ ਤਾਂ ਮਿਹਨਤਕਸ਼ ਲੋਕਾਂ ਦੀ ਜ਼ਿੰਦਗੀ ਬਾਰੇ ਗੀਤ ਹੀ ਕਿਤੇ ਕਿਤੇ ਲਿਖਦੇ ਹਨ ਜੋ ਲਿਖਦੇ ਵੀ ਹਨ ਉਹ ਵੀ ਬਿਲਕੁਲ ਪੇਤਲੇ ਜਿਹੇ। ਸਾਡੇ ਗੀਤ ਜਿਸ ਵਰਗ ਲਈ ਲਿਖੇ ਗਏ ਹੋਣ ਉਹਨਾਂ ਨੂੰ ਟੁੰਬਣ। ਅਜਿਹਾ ਕੁਝ ਨਾ ਹੋਣ ਦੀ ਸੂਰਤ ਵਿਚ ਅਸੀਂ ਜਿੰਨਾ ਮਰਜ਼ੀ ਉੱਚੀ ਉੱਚੀ ਕਹੀ ਜਾਈਏ ਕਿ ਇਹ ਲੋਕਾਂ ਦੇ ਗੀਤ ਹਨ—ਅਮਲੀ ਰੂਪ ਵਿਚ ਇਸਦੇ ਸਿੱਟੇ ਵਧੀਆ ਨਹੀਂ ਨਿਕਲਣਗੇ।

*ਜ਼ਿੰਦਗੀ ਜਾਂ ਲਹਿਰ ਦਾ ਵਰਨਣ ਕਰਨ ਲੱਗਿਆਂ ਜਿਵੇਂ ਇਹ ਯਥਾਰਥਕ ਰੂਪ 'ਚ ਹੈ ਉਸੇ ਤਰ੍ਹਾਂ ਹੀ ਪੇਸ਼ ਕੀਤੀ ਜਾਵੇ।

*ਗੀਤਾਂ ਦੀ ਭਾਸ਼ਾ ਬਹੁਤ ਸੌਖੀ ਤੇ ਸਪਸ਼ਟ ਹੋਣੀ ਚਾਹੀਦੀ ਹੈ।

* ਸੰਗੀਤ ਦੀ ਵਿਕਸਤ ਕਲਾ ਨੂੰ ਵਰਤ ਕੇ ਪੂਰੀ ਤਿਆਰੀ ਕਰਕੇ ਗੀਤ ਗਾਏ ਜਾਇਆ ਕਰਨ। ਨਾਲ

ਵੀ ਨਾਲ ਸਾਡੇ ਕਲਾਕਾਰ ਸੰਗੀਤ ਦੀ ਕਲਾ ਜ਼ਰੂਰ ਸਿੱਖਣ। ਸਾਨੂੰ ਲੋਕ ਵਿਰੋਧੀ ਹਾਕਮ ਜਮਾਤਾਂ ਦੇ ਪੱਖ 'ਚ ਭੁਗਤ ਰਹੀ ਕਲਾ ਦਾ ਮੁਕਾਬਲਾ ਕਰਨ ਲਈ, ਆਪਣੀ ਕਲਾ ਨੂੰ ਵੱਧ ਤੋਂ ਵੱਧ ਵਿਕਸਤ ਕਰਨਾ ਪਵੇਗਾ।

* ਜਥੇਬੰਦੀਆਂ 'ਚ ਕੰਮ ਕਰ ਰਹੇ ਸਾਡੇ ਕਲਾਕਾਰ ਗਾਇਕ ਸਾਥੀਆਂ ਨੂੰ ਆਪਣਾ ਉਪਰਲਾ ਕੰਮ ਦੂਜੇ ਸਾਥੀਆਂ ਦੇ ਸਹਿਯੋਗ ਨਾਲ ਆਪਣੇ ਤੋਂ ਘਟਾ ਕੇ, ਮੁੱਖ ਕੰਮ ਸਭਿਆਚਾਰਕ ਕੰਮ ਹੀ ਹੋਵੇ ਤਦ ਹੀ ਉਹ ਆਪਣੀ ਕਲਾ ਵਿਕਸਿਤ ਕਰ ਸਕਦੇ ਹਨ।

* ਇਨਕਲਾਬ ਲਈ ਮੋਹਰੀ ਜਮਾਤ ਮਜ਼ਦੂਰ ਜਮਾਤ ਦੀ ਜ਼ਿੰਦਗੀ ਤੇ,ਹੋਰ ਸਮੱਸਿਆਵਾਂ ਪ੍ਰਤੀ ਸਾਹਿਤ ਜਾਂ ਗੀਤ ਲਿਖਣ ਨੂੰ ਪ੍ਰਮੁੱਖ ਸਥਾਨ ਦੇਣਾ ਚਾਹੀਦਾ ਹੈ ਬਾਦ ਵਿਚ ਕ੍ਰਮਵਾਰ ਇਸ ਦੀਆਂ ,ਸੰਗੀ ਜਮਾਤਾਂ ਲਈ ਲਿਖਿਆ ਜਾਣਾ ਚਾਹੀਦਾ ਹੈ।

* ਬਿਨਾਂ ਸ਼ੱਕ ਇਨਕਲਾਬੀ ਸੱਭਿਆਚਾਰ ਦੇ ਵਧਣ ਫੁੱਲਣ ਲਈ, ਇਹ ਇਕ ਮੁਢਲੀ ਸ਼ਰਤ ਹੈ ਕਿ ਇਨਕਲਾਬੀ ਲਹਿਰ ਵੀ ਤਕੜੀ ਹੋਵੇ। ਤੇ ਇਹ ਵੀ ਓਨਾ ਹੀ ਸੱਚ ਹੈ ਕਿ ਇਨਕਲਾਬੀ ਲਹਿਰ ਦੇ ਵਧਾਰੇ ਲਈ ਇਨਕਲਾਬੀ ਸਭਿਆਚਾਰ ਮੋਰਚਾ ਜਾਂ ਮੰਚ ਹੋਣਾ ਵੀ ਜ਼ਰੂਰੀ ਹੈ। ਇਹ ਇਕ ਦੂਜੇ ਨੂੰ ਬਹੁਤ ਹੀ ਡੂੰਘੀ ਤਰ੍ਹਾਂ ਪ੍ਰਭਾਵਤ ਕਰਦੇ ਹਨ।

ਅਸੀਂ ਆਪਣੀ ਸਮਝ ਮੁਤਾਬਕ ਆਪਣੀ ਰਾਇ ਪ.ਲ.ਸ. ਮੰਚ ਅੱਗੇ ਰੱਖੀ ਹੈ। ਅਸੀਂ ਇਸ ਗੱਲ ਦਾ ਦਾਅਵਾ ਨਹੀਂ ਕਰਦੇ ਕਿ ਅਸੀਂ 100% ਸੱਚਾਈ ਲੱਭ ਲਈ ਹੈ। ਅਸੀਂ ਤਾਂ ਸਗੋਂ ਇਹ ਸਮਝਦੇ ਹਾਂ ਕਿ ਸਿੱਖਣ ਸਿਖਾਉਣ ਦੇ ਭਾਵ ਨਾਲ ਕੀਤੀਆਂ ਬਹਿਸਾਂ ਹੀ ਮਸਲੇ ਦੀ ਤਹਿ ਤੱਕ ਪੁੱਜਣ ਵਿਚ ਮਦਦ ਕਰ ਸਕਦੀਆਂ ਹਨ। ਤਦ ਹੀ ਆਪਾਂ ਕੋਈ ਹੱਲ ਲੱਭ ਸਕਦੇ ਹਾਂ।

**ਤਰਲੋਚਨ ਸਿੰਘ—ਪਰਮਜੀਤ ਸਿੰਘ**

## 2. ਜਸਵੰਤ ਸਿੰਘ ਕੰਵਲ ਦੇ ਨਾਉਂ ਖੁਲ੍ਹੀ ਚਿੱਠੀ

ਸਤਿਕਾਰ ਯੋਗ ਕੰਵਲ ਜੀ :

ਇਕ ਦੋ ਦਿਨ ਹੋਏ ਇੰਗਲੈਂਡ ਵਿਚ ਛਪਦੇ ਪਰਚੇ ਦੇਸ ਪ੍ਰਦੇਸ਼ ਵਿਚ ਛਪੀ ਤੁਹਾਡੀ ਇੰਟਰਵੀਊ ਪੜ੍ਹੀ, ਜਿਸਨੂੰ ਪੜ੍ਹ ਕੇ ਯਕੀਨ ਨਹੀਂ ਆ ਰਿਹਾ ਕਿ ਜੋ ਕੁਛ ਉਸ ਪਰਚੇ ਵਿਚ ਛਪਿਆ ਉਹ ਤੁਸੀਂ ਕਿਹਾ ਹੋਵੇਗਾ। ਪਰ ਤੁਸੀਂ ਜ਼ਰੂਰ ਹੀ ਇਹ ਕੁਛ ਕਿਹਾ ਹੋਵੇਗਾ ਨਹੀਂ ਤਾਂ ਐਵੇਂ ਦੇਸ ਪ੍ਰਦੇਸ਼-ਵਾਲਿਆਂ ਨੂੰ ਗਲਤ ਛਾਪਣ ਦੀ ਕੀ ਜ਼ਰੂਰਤ ਸੀ।

ਸਮਝ ਨਹੀਂ ਆ ਰਹੀ ਕਿ ਉਹ ਕੰਵਲ ਜਿਸਨੇ ਲਹੂ ਦੀ ਲੋਅ ਵਰਗਾ ਨਾਵਲ ਲਿਖਿਆ, ਜਿਸ ਨੇ ਸਮਾਜਵਾਦੀ ਸੋਚ ਵਾਲਾ ਹੋਣ ਦਾ ਦਾਅਵਾ ਕੀਤਾ, ਅੱਜ ਕਹਿ ਰਿਹਾ ਹੈ ਕਿ ਭਈਆਂ ਨੂੰ ਪੰਜਾਬ ਵਿਚ ਵੋਟ ਦਾ ਹੱਕ ਨਹੀਂ ਹੋਣਾ ਚਾਹੀਦਾ ਅਤੇ ਕਿ ਭਈਏ ਪੰਜਾਬੀ ਕਲਚਰ, ਜ਼ਬਾਨ ਤੇ ਸਹਿਤ ਨੂੰ ਖਰਾਬ ਕਰ ਰਹੇ ਹਨ।

ਪੰਜਾਬ ਦੇ ਲੋਕ, ਖਾਸ ਕਰਕੇ ਕਿਸਾਨ, ਅੱਜ ਬੜ੍ਹੀ ਅੱਛੀ ਤਰ੍ਹਾਂ ਸਮਝਦੇ ਹਨ ਕਿ ਜੇ ਯੂ. ਪੀ. ਅਤੇ ਬਿਹਾਰ ਤੋਂ ਮਜ਼ਦੂਰ (ਜਿਹਨਾਂ ਨੂੰ ਭਈਏ ਭੀ ਕਿਹਾ ਜਾਂਦਾ ਹੈ) ਪੰਜਾਬ ਵਿਚ ਨਾ ਆਉਣ ਤਾਂ ਫਸਲਾਂ ਦਾ ਕਿੰਨਾ ਬੁਰਾ ਹਾਲ ਹੋਵੇ। ਇਹ ਮਜ਼ਦੂਰ, ਜੋ ਅੱਜ ਪੰਜਾਬ ਦੀ ਆਰਥਿਕਤਾ ਵਿਚ ਬਹੁਤ ਵੱਡਾ ਹਿੱਸਾ ਪਾ ਰਹੇ ਹਨ, ਜੋ ਸਿਰਫ ਰੋਟੀ ਦੀ ਭਾਲ ਵਿਚ ਆਪਦੇ ਦੇਸ਼ ਦੇ ਇਕ ਸੂਬੇ ਤੋਂ ਦੂਸਰੇ ਸੂਬੇ ਪਹੁੰਚੇ ਹਨ, ਉਹਨਾਂ ਬਾਰੇ ਤੁਸੀਂ ਕਹਿ ਰਹੇ ਹੋ ਕਿ ਉਹਨਾਂ ਨੂੰ ਵੋਟ ਦਾ ਹੱਕ ਨਹੀਂ ਮਿਲਣਾ ਚਾਹੀਦਾ।

ਤੁਹਾਨੂੰ ਜਦੋਂ ਇੰਟਰਵੀਊ ਦੌਰਾਨ ਸਾਥੀ ਲੁਧਿਆਣਵੀ ਨੇ ਭਈਏਆਂ ਦੇ ਵੋਟ ਦੇ ਹੱਕ ਬਾਰੇ ਸੁਆਲ ਕੀਤਾ ਤਾਂ ਜੁਆਬ ਦਿੰਦਿਆਂ ਤੁਸੀਂ ਕਿਹਾ "ਤੁਸੀਂ ਲੋਕ ਇਹ ਕਿਉਂ ਨਹੀਂ ਸੋਚਦੇ ਕਿ ਪੰਜਾਬ ਏਸ ਵੇਲੇ minority 'ਚ ਜਾ ਰਿਹੈ! ਪੰਜਾਬੀ ਜ਼ਬਾਨ ਹੀ ਨਹੀਂ ਰਹੇਗੀ। ਪੰਜਾਬੀ ਕਲਚਰ ਹੀ ਨਹੀਂ ਰਹੇਗਾ। ਸਿੱਖਾਂ ਦੀ ਆਈਡੈਂਟਿਟੀ ਹੀ ਖਤਮ ਹੋ ਜਾਵੇਗੀ ..."

ਕੰਵਲ ਜੀ ਕੀ ਤੁਸੀਂ ਦੱਸ ਸਕਦੇ ਹੋ ਕਿ ਜੇ ਭਈਆਂ ਨੂੰ ਪੰਜਾਬ ਵਿਚ ਵੋਟ ਪਾਉਣ ਦਾ ਹੱਕ ਨਹੀਂ ਮਿਲਣਾ ਚਾਹੀਦਾ ਤਾਂ ਅਸੀਂ ਜੋ ਬਾਹਰਲੇ ਮੁਲਕਾਂ ਵਿਚ ਰਹਿ ਰਹੇ ਹਾਂ ਸਾਨੂੰ ਇਥੇ ਵੋਟ ਪਾਉਣ ਦਾ ਹੱਕ ਕਿਉਂ ਮਿਲਣਾ ਚਾਹੀਦਾ। ਇਥੋਂ ਦੇ ਨਸਲਵਾਦੀ—ਕੂ ਕਲਕਸ ਕਲੈਨ ਵਾਲੇ। ਵੈਸਟਰਨ ਗਾਰਡ, ਅਤੇ ਹੋਰ ਫਾਸ਼ੀ ਵਿਚਾਰਾਂ ਵਾਲੇ ਕਹਿ ਰਹੇ ਹਨ ਕਿ "ਰੰਗਦਾਰ ਲੋਕ ਕਨੇਡਾ ਵਿਚ ਆ ਕੇ ਗੰਦ ਪਾ ਰਹੇ ਹਨ—ਇਥੋਂ ਦੇ ਸਭਿਆਚਾਰ ਨੂੰ ਵਿਗਾੜ ਰਹੇ ਹਨ ਅਤੇ ਸਾਡੀ ਆਈ-ਡੈਂਟਿਟੀ ਖਤਮ ਕਰ ਰਹੇ ਹਨ।" ਸਾਡੀ ਇਹ ਬੜੀ ਖੁਸ਼ਕਿਸਮਤੀ ਹੈ ਕਿ ਅਜਿਹੇ ਲੋਕ ਸਿਰਫ ਮੁੱਠੀ ਭਰ ਹਨ ਅਤੇ ਕਨੇਡਾ ਦਾ ਕੋਈ ਭੀ ਲਿਖਾਰੀ ਇਹਨਾਂ ਨਸਲੀਆਂ ਅਤੇ ਫਾਸ਼ੀਆਂ ਦੇ ਵਿਚਾਰਾਂ ਦੀ ਪ੍ਰੋੜਤਾ ਨਹੀਂ ਕਰਦਾ। ਤੁਹਾਡੀ ਇੰਟਰਵੀਊ ਮੁਤਾਬਿਕ ਤਾਂ ਉਹ ਜਿਹੜੇ ਇਹ ਕਹਿ ਰਹੇ ਹਨ ਕਿ ਰੰਗਦਾਰ ਲੋਕ ਕਨੇਡਾ ਦੇ ਸਭਿਆਚਾਰ ਨੂੰ ਵਿਗਾੜ ਰਹੇ ਹਨ। ਬਿਲਕੁਲ ਠੀਕ ਹਨ।

ਤੁਸੀਂ 1968 ਵਿਚ ਇੰਗਲੈਂਡ ਦੇ ਬਦਨਾਮ ਅਤੇ ਨਸਲੀ ਸਿਆਸਤਦਾਨ ਈਨੋਕ ਪਾਵਲ ਵੱਲੋਂ ਕੀਤੀ

ਤਕਰੀਰ ਨੂੰ ਜਾਇਜ਼ ਦੱਸ ਰਹੇ ਹੋ ਜੋਕਿ ਇੰਗਲੈਂਡ ਵਿਚੋਂ ਰੰਗਦਾਰ ਲੋਕਾਂ ਨੂੰ ਕੱਢਣ ਦੀ ਗੱਲ ਸ਼ਰੇਆਮ ਕਰ ਰਿਹਾ ਹੈ।

ਇੰਟਰਵੀਊ ਵਿਚ ਤੁਸੀਂ ਕਿਹਾ ਕਿ ਅੰਗਰੇਜ਼ਾਂ ਨੇ 'ਵੋਟ ਦਾ ਥੋਨੂੰ ਹੱਕ ਤਾਂ ਦਿਤਾ ਹੋਇਆ ਚੂੰਕਿ ਤੁਹਾਡੀ ਗਿਣਤੀ ਬਹੁਤ ਹੀ ਥੋੜੀ ਹੈ...।" ਕੀ ਇਸਦਾ ਮਤਲਬ ਹੈ ਕਿ ਜਦੋਂ ਸਾਡੀ ਇਥੇ ਗਿਣਤੀ ਜ਼ਿਆਦਾ ਹੋ ਜਾਵੇਗੀ ਤਾਂ ਇੰਗਲੈਂਡ ਜਾਂ ਕਨੇਡਾ ਦੀਆਂ ਸਰਕਾਰਾਂ ਵੱਲੋਂ ਸਾਥੋਂ ਵੋਟ ਦਾ ਹੱਕ ਖੋਹਣਾ ਜਾਇਜ਼ ਹੋਵੇਗਾ ?

ਤੁਸੀਂ ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਲਾਲਚੀ ਕਿਹਾ—ਅਸੀਂ ਹਿੰਦੁਸਤਾਨ ਤੋਂ ਬਿਦੇਸ਼ਾਂ ਵਿਚ ਇਸ ਲਈ ਨਹੀਂ ਆਉਂਦੇ ਕਿ ਅਸੀਂ ਲਾਲਚੀ ਹਾਂ ਬਲ ਕਿ ਰੋਟੀ ਦੀ ਭੁੱਖ ਸਾਨੂੰ ਬਿਦੇਸ਼ਾਂ ਵਿਚ ਲੈ ਆਉਂਦੀ ਹੈ। ਜੇ ਇਹੀ opportunities ਸਾਨੂੰ ਸਾਡੇ ਦੇਸ਼ ਵਿਚ ਮਿਲਣ ਤਾਂ ਕਿਉਂ ਅਸੀਂ ਆਪਣੇ ਭੈਣਾਂ ਭਰਾਵਾਂ, ਰਿਸ਼ਤੇਦਾਰਾਂ ਅਤੇ ਮਿਤਰਾਂ ਨੂੰ ਛੱਡਕੇ ਬਿਦੇਸ਼ਾਂ ਵਿਚ ਆਈਏ।

ਤੁਸੀਂ ਹਿੰਦੁਸਤਾਨ ਵਿਚ ਰਹਿੰਦੇ ਹੋ—ਪੰਜਾਬ ਤੋਂ ਬਾਹਰਲੇ ਸੂਬਿਆ ਵਿਚ ਭੀ ਆਉਂਦੇ ਜਾਂਦੇ ਹੋ— ਤੁਸੀਂ ਇਹ ਅੱਛੀ ਤਰ੍ਹਾਂ ਜਾਣਦੇ ਹੋ ਕਿ ਹਿੰਦੁਸਤਾਨ ਦੇ ਗਰੀਬਾਂ ਦੀ ਹਾਲਤ ਕਿਸ ਤਰ੍ਹਾਂ ਦਿਨ-ਬ-ਦਿਨ ਨਿਘਰਦੀ ਜਾਂਦੀ ਹੈ। ਇਹ ਸਚਾਈ ਕਿਸੇ ਤੋਂ ਲੁਕੀ ਨਹੀਂ ਕਿ ਹਿੰਦੁਸਤਾਨ ਦੇ ਕਰੋੜਾਂ ਲੋਕ ਅੱਜ ਗਰੀਬੀ ਦੇ ਦਰਜੇ ਤੋਂ ਹੇਠਾਂ ਰਹਿ ਰਹੇ ਹਨ ਅਤੇ ਉਹਨਾਂ ਨੂੰ ਦੋ ਸਮੇਂ ਦੀ ਰੋਟੀ ਭੀ ਨਹੀਂ ਮਿਲਦੀ। ਉਹਨਾਂ ਲਈ ਕਿਹੜੀਆਂ opportunities ਹਨ ? ਇਹ ਮੌਕਾ ਜ਼ਰੂਰ ਮਿਲ ਜਾਂਦਾ ਹੈ ਕਿ ਹਰੇਕ 5 ਸਾਲ ਬਾਅਦ ਇਹ ਫੈਸਲਾ ਕਰਨ ਕਿ ਕਿਹੜੇ ਲੋਕਾਂ ਨੂੰ ਵੋਟ ਪਾਉਣੀ ਹੈ।

ਜਦੋਂ ਸਾਥੀ ਲੁਧਿਆਨਵੀ ਨੇ ਤੁਹਾਨੂੰ ਇੰਟਰਵੀਊ ਵਿਚ ਕਿਹਾ ਕਿ ਭਈਆਂ ਨੂੰ ਕਿਉਂ ਦੋਸ਼-ਦਿੰਦੇ ਹੋ ਤਾਂ ਤੁਸੀਂ ਜੁਆਬ ਦਿੱਤਾ "ਪਰ ਭਈਏ ਰਲਣਗੇ ਕਿਸ ਨਾਲ ? ਉਹ ਸਿਰਫ ਹਿੰਦੂਆਂ ਨਾਲ ਰਲਣਗੇ।" ਕੰਵਲ ਜੀ ਜੇ ਤੁਸੀਂ ਸਮਝਦੇ ਹੋ ਕਿ ਉਹ ਹਿੰਦੂਆਂ ਨਾਲ ਰਲਣਗੇ ਤਾਂ ਇਸ ਵਿਚ ਕਸੂਰ ਕੀਹਦਾ ਹੈ ? ਜਦੋਂ ਅਕਾਲੀ ਲੀਡਰ ਇਹ ਬਿਆਨ ਦੇ ਰਹੇ ਹਨ ਕਿ ਭਈਆਂ ਨੂੰ ਵੋਟ ਪਾਉਣ ਦਾ ਹੱਕ ਨਹੀਂ ਹੋਣਾ ਚਾਹੀਦਾ ਤਾਂ ਕੀ ਤੁਸੀਂ ਇਹ ਉਮੀਦ ਕਰਦੇ ਹੋ ਕਿ ਉਹ ਅਕਾਲੀਆਂ ਨਾਲ ਰਲਣ ? ਸਾਬਕਾ ਅਕਾਲੀ ਵਿੱਤ ਮੰਤਰੀ ਸ. ਬਲਵੰਤ ਸਿੰਘ ਨੇ ਤਾਂ ਇੰਗਲੈਂਡ ਵਿਚ ਦਿੱਤੇ ਇਕ ਬਿਆਨ ਵਿਚ ਇਥੋਂ ਤੱਕ ਕਹਿ ਦਿੱਤਾ ਕਿ "ਜੇ ਪੰਜਾਬ ਵਿਚ ਅਕਾਲੀ ਸਰਕਾਰ ਆ ਜਾਵੇ ਤਾਂ ਅਸੀਂ ਕਾਰਖਾਨਿਆਂ ਅਤੇ ਖੇਤੀਬਾੜੀ ਦੇ ਕੰਮਾਂ ਵਿਚ ਪੰਜਾਬੀ ਮਜ਼ਦੂਰ ਨੂੰ ਕੰਮ ਦਿਆਂਗੇ। ਗੈਰ ਪੰਜਾਬੀਆਂ ਨੂੰ ਨਹੀਂ।" ਬਲਵੰਤ ਸਿੰਘ ਦਾ ਸਪਸ਼ਟ ਤੌਰ ਤੇ ਇਸ਼ਾਰਾ ਯੂ. ਪੀ. ਅਤੇ ਬਿਹਾਰ ਵਿਚੋਂ ਆਏ ਮਜ਼ਦੂਰਾਂ ਵੱਲ ਸੀ। ਫਿਰ ਵੀ ਤੁਸੀਂ ਉਮੀਦ ਕਰਦੇ ਹੋ ਕਿ ਉਹ ਅਕਾਲੀਆਂ 'ਚ ਰਲਣ ?

ਸਾਨੂੰ ਬਿਦੇਸ਼ਾਂ ਵਿਚ ਰਹਿੰਦੇ ਭਾਰਤੀਆਂ ਨੂੰ ਪਤਾ ਹੈ ਜਦੋਂ ਇਥੋਂ ਦੇ ਕੁਝ 'ਮੌਕਾਪ੍ਰਸਤ' ਸਿਆਸਤਦਾਨ ਇਸ ਤਰ੍ਹਾਂ ਦੇ ਬਿਆਨ ਦਿੰਦੇ ਹਨ ਕਿ "ਕਨੇਡੀਅਨ ਵਰਕਰਾਂ ਨੂੰ ਪਹਿਲ ਦਿਤੀ ਜਾਵੇ" ਤਾਂ ਅਸੀਂ ਕਿਸ ਤਰ੍ਹਾਂ ਉਹਨਾਂ ਦਾ ਵਿਰੋਧ ਕਰਦੇ ਹਾਂ ਅਤੇ ਕਿਸ ਤਰ੍ਹਾਂ ਇਥੋਂ ਦੀ ਮਜ਼ਦੂਰ ਜਮਾਤ ਸਾਡੀ ਡਟਕੇ ਮੱਦਦ ਕਰਦੀ ਹੈ। ਇਥੋਂ ਦੀ ਮਜ਼ਦੂਰ ਜਮਾਤ ਸਮਝਦੀ ਹੈ ਕਿ ਇਸ ਤਰ੍ਹਾਂ ਦੇ ਬਿਆਨ ਸਿਰਫ ਮਜ਼ਦੂਰਾਂ ਵਿਚ ਫੁੱਟ ਪਾਉਣ ਲਈ ਦਿਤੇ ਜਾਂਦੇ ਹਨ। ਪੰਜਾਬ ਵਿਚ ਨਾ ਹੀ ਕਾਂਗਰਸੀ ਅਤੇ ਨਾ ਹੀ ਅਕਾਲੀ ਆਮ ਲੋਕਾਂ ਦਾ ਕੁਛ ਸੁਆਰ ਸਕੇ ਹਨ। ਨਾ ਹੀ ਅਕਾਲੀ ਆਮ ਲੋਕਾਂ ਦੀਆਂ ਆਰਥਿਕ ਮੰਗਾਂ ਲਈ ਲੜਦੇ ਹਨ। ਅਕਾਲੀ ਲੀਡਰ ਆਪਦੇ ਇਹਨਾਂ ਬਿਆਨਾਂ ਰਾਹੀਂ ਪੰਜਾਬੀ ਮਜ਼ਦੂਰਾਂ ਨੂੰ ਇਹ ਦਸੇਣ ਦੀ ਕੋਸ਼ਿਸ਼ ਕਰਦੇ ਹਨ ਉਹਨਾਂ ਦੀ ਮੁਸ਼ਕਲਾਂ (ਬੇਰੁਜ਼ਗਾਰੀ ਆਦਿ) ਦਾ ਕਾਰਣ ਹੋਰਨਾਂ ਸੂਬਿਆਂ ਵਿਚੋਂ ਆਏ ਮਜ਼ਦੂਰ ਹਨ ਨਾ ਕਿ ਸਾਡੇ ਦੇਸ਼ ਦਾ ਮੌਜੂਦਾ ਢਾਂਚਾ।

ਤੁਸੀਂ ਹੁਣ ਤੱਕ ਆਪਦੀਆਂ ਲਿਖਤਾਂ ਵਿਚ ਮਜ਼ਦੂਰ ਜਮਾਤ ਦੇ ਪੱਖ ਦੀ ਗੱਲ ਕੀਤੀ ਹੈ ਅਤੇ ਮਜ਼ਦੂਰ ਜਮਾਤ ਵਿਰੋਧੀ ਸ਼ਕਤੀਆਂ ਦੀ ਵਿਰੋਧਤਾ ਕੀਤੀ ਹੈ ਅਤੇ ਆਪਣੇ ਆਪ ਨੂੰ ਮਾਰਕਸੀ ਵਿਚਾਰਾਂ ਵਾਲਾ ਲਿਖਾਰੀ ਅਖਵਾਇਆ ਹੈ। ਪਰ ਮੈਨੂੰ ਖੇਦ ਨਾਲ ਕਹਿਣਾ ਪੈ ਰਿਹਾ ਹੈ ਕਿ ਭਈਆਂ ਬਾਰੇ ਦਿੱਤਾ ਬਿਆਨ ਮੇਰੀ ਸਮਝ ਮੁਤਾਬਿਕ ਮਾਰਕਸਵਾਦ ਵਿਰੋਧੀ ਅਤੇ ਮਜ਼ਦੂਰ ਜਮਾਤ ਵਿਰੋਧੀ ਹੈ। ਮੈਂ ਸਮਝਦਾ ਹਾਂ ਕਿ ਇਸ ਤਰ੍ਹਾਂ ਦੇ ਬਿਆਨ ਦੀ ਉਮੀਦ ਸਿਰਫ ਕਿਸੇ ਪਿਛਾਂਹ-ਖਿਚੂ ਸੋਚਣੀ ਵਾਲੇ ਸਿਆਸਤਦਾਨ ਵੱਲੋਂ ਕੀਤੀ ਜਾ ਸਕਦੀ ਹੈ। ਕਿਸੇ ਭੀ ਮਾਰਕਸੀ ਲਈ ਮਜ਼ਦੂਰ ਸਿਰਫ ਮਜ਼ਦੂਰ ਹਨ ਨਾ ਕਿ ਹਿੰਦੂ ਜਾਂ ਸਿੱਖ।

ਮੈਨੂੰ ਇਹ ਭੀ ਖੇਦ ਨਾਲ ਲਿਖਣਾ ਪੈ ਰਿਹਾ ਹੈ ਕਿ ਇੰਟਰਵੀਊ ਵਿਚ ਤੁਹਾਡੇ ਵੱਲੋਂ ਦਿੱਤੇ ਗਏ ਬਿਆਨ ਕਨੇਡਾ ਦੇ ਮੁਠੀ ਭਰ ਨਸਲਪ੍ਰਸਤਾਂ ਅਤੇ ਫਾਸ਼ੀਆਂ ਵੱਲੋਂ ਰੰਗਦਾਰ ਲੋਕਾਂ ਖਿਲਾਫ ਦਿਤੇ ਜਾ ਰਹੇ ਬਿਆਨਾਂ ਨਾਲ ਮਿਲਦੇ ਹਨ।

ਤੁਹਾਡੇ ਇਹਨਾਂ ਬਿਆਨਾਂ ਰਾਹੀਂ ਭਾਰਤੀ ਮਜ਼ਦੂਰਾਂ ਦੀ ਏਕਤਾ ਨੂੰ ਠੇਸ ਪਹੁੰਚੀ ਹੈ। ਜੋ ਕੁਛ ਤੁਸੀਂ ਇੰਟਰਵੀਊ ਵਿਚ ਕਿਹਾ ਉਹ ਬਿਦੇਸ਼ਾਂ ਵਿਚ ਰਹਿੰਦੇ

ਭਾਰਤੀਆਂ ਦੇ ਹਿੱਤਾਂ ਵਿਰੁਧ ਹੈ। ਕੰਵਲ ਸਾਹਬ ਤੁਹਾਨੂੰ ਤਾਂ ਇਹ ਪਤਾ ਹੋਣਾ ਚਾਹੀਦਾ ਕਿ ਬਿਦੇਸਾਂ ਵਿਚ ਰਹਿੰਦੇ ਭਾਰਤੀਆਂ ਨੇ ਜੋ ਹੱਕ ਪ੍ਰਾਪਤ ਕੀਤੇ ਹਨ ਉਹ ਸਾਨੂੰ ਕਿਸੇ ਨੇ ਬਖਸ਼ੀਸ ਨਹੀਂ ਕੀਤੇ ਬਲਕਿ ਉਹ ਅਸੀਂ ਸਖਤ ਜਦੋ-ਜਹਿਦਾਂ ਰਾਹੀਂ ਪ੍ਰਾਪਤ ਕੀਤੇ ਹਨ।

ਤੁਹਾਡੇ ਵਰਗੇ ਅਗਾਂਹ ਵਧੂ ਅਖਵਾਉਣ ਵਾਲੇ ਲੇਖਕ ਵੱਲੋਂ ਪਾਵਲ ਵਰਗੇ ਨਸਲੀਆਂ-ਨੂੰ ਠੀਕ ਕਹਿਣਾ ਅਤੇ ਬਿਦੇਸਾਂ ਵਿਚ ਰਹਿੰਦੇ ਭਾਰਤੀਆਂ ਨੂੰ ਲਾਲਚੀ ਕਹਿਣਾ ਸ਼ੋਭਾ ਨਹੀਂ ਦਿੰਦਾ। ਅਸੀਂ ਇੰਡੀਅਨ ਪੀਪਲਜ਼ ਐਸੋਸੀਏਸ਼ਨ ਇਨ ਨਾਰਥ ਅਮੈਰਿਕਾ (ਇਪਾਨਾ) ਵਲੋਂ ਉਮੀਦ ਕਰਦੇ ਹਾਂ ਕਿ ਤੁਸੀਂ ਆਪਦੇ ਬਿਆਨਾਂ ਉਤੇ ਇਕ ਵਾਰ ਫਿਰ ਗੌਰ ਕਰੋਗੇ ਅਤੇ ਆਪਦੇ ਇਹ ਬਿਆਨ ਵਾਪਿਸ ਲਵੋਗੇ।

ਹਰਿੰਦਰ ਪਾਹਲ
ਪ੍ਰਧਾਨ, ਇਪਾਨਾ

---

**ਪਾਠਕ ਲੇਖਕ ਫੋਰਮ–3**

## ਸਿਰ-ਫਿਰੇ ਖਾਲਸਤਾਨੀ ਜਨੂੰਨੀਆਂ, ਉਨ੍ਹਾਂ ਦੇ ਅਕਾਲੀ ਸਰਪ੍ਰਸਤ ਤੇ ਮੌਕਾਪ੍ਰਸਤ ਹਮਾਇਤੀਆਂ ਦਾ ਡਟਵਾਂ ਵਿਰੋਧ ਕਰੋ

ਇੰਗਲੈਂਡ ਵਿਚ 'ਇੰਡੀਅਨ ਵਰਕਰਜ਼ ਐਸੋਸੀਏਸ਼ਨ (ਗਰੇਟ ਬਰੀਟੇਨ)' ਦੀ ਅਖਬਾਰ 'ਲਲਕਾਰ' ਨਿਕਲਦੀ ਹੈ। ਪੰਜਾਬ ਦੀਆਂ ਘਟਨਾਵਾਂ ਬਾਰੇ ਗੱਲਬਾਤ ਕਰਦਿਆਂ ਲਲਕਾਰ ਦੇ ਐਡੀਟਰ ਨੇ ਇਹ ਰਾਏ ਜ਼ਾਹਰ ਕੀਤੀ ਕਿ ਸਮਤਾ ਦੇ ਸੰਪਾਦਕੀ ਨੋਟਾਂ ਵਿਚ ਜਿਥੇ ਧਾਰਮਕ ਜਨੂੰਨੀਆਂ ਬਾਰੇ ਠੀਕ ਵਿਸ਼ਲੇਸ਼ਣ ਹੁੰਦਾ ਹੈ, ਉਥੇ ਇਹਨਾਂ ਲਿਖਤਾਂ ਵਿਚ ਸੰਤ ਲੌਂਗੋਵਾਲ ਹੋਰਾਂ ਨੂੰ ਫਿਰਕੂ ਵਾਤਾਵਰਨ ਵਿਗਾੜਣ ਦੀ ਜ਼ਿੰਮੇਵਾਰੀ ਤੋਂ ਸੁਰਖ਼ਰੂ ਕੀਤਾ ਜਾਂਦਾ ਹੈ। ਉਹਨਾਂ ਦਾ ਖਿਆਲ ਹੈ ਕਿ ਸੰਤ ਲੌਂਗੋਵਾਲ ਜੋ ਅਕਾਲੀ ਮੋਰਚੇ ਦਾ ਡਿਕਟੇਟਰ ਹੈ, ਉਹ ਇਸ ਇਲਜ਼ਾਮ ਤੋਂ ਬਰੀ ਨਹੀਂ ਕੀਤਾ ਜਾ ਸਕਦਾ ਕਿਉਂਕਿ ਮੋਰਚੇ ਵਲੋਂ ਲਗਾਏ ਗਏ ਬਕਾਇਦਾ ਦੀਵਾਨਾਂ ਵਿਚ ਜਿਥੇ ਮੋਰਚੇ ਦੀਆਂ ਪਾਲਸੀਆਂ ਦਾ ਏਲਾਨ ਹੁੰਦਾ ਹੈ, ਉਥੇ ਹੀ ਸੰਤ ਭਿੰਡਰਾਂ ਵਾਲਾ ਹਰ ਕਿਸਮ ਦੀਆਂ ਧਮਕੀਆਂ ਦੂਜੇ ਫਿਰਕੇ ਵਾਲਿਆਂ ਨੂੰ ਦੇਂਦਾ ਹੈ ਅਤੇ ਫਿਰਕੂ ਸੱਦਭਾਵਨਾ ਨੂੰ ਵਿਗਾੜਦਾ ਹੈ। ਆਪਣੀ ਇਸ ਰਾਏ ਤੇ ਕਾਇਮ ਰਹਿੰਦੇ ਹੋਏ ਕਿ ਸੰਤ ਲੌਂਗੋਵਾਲ ਅਤੇ ਸੰਤ ਭਿੰਡਰਾਂ ਵਾਲਾ ਦੀ ਪਹੁੰਚ ਵਿਚ ਵਖਰੇਵਾਂ ਦਸਨਾ ਜ਼ਰੂਰੀ ਹੈ, ਇਥੇ ਅਸੀਂ ਲਲਕਾਰ ਅਗਸਤ 1983 ਦੇ ਅੰਕ ਦਾ ਸੰਪਾਦਕੀ ਸਮਤਾ ਦੇ ਪਾਠਕਾਂ ਲਈ ਦੇ ਰਹੇ ਹਾਂ ਤਾਂ ਜੋ ਇੰਗਲੈਂਡ ਵਸਦੇ ਹਿੰਦੋਸਤਾਨੀ ਮਜ਼ਦੂਰਾਂ ਦੀ ਰਾਏ ਤੋਂ ਉਹ ਜਾਣੂ ਹੋ ਸਕਣ।/**ਸੰਪਾਦਕ**

---

ਪਿਛਲੇ ਕੁਝ ਸਮੇਂ ਤੋਂ ਸ਼ਾਇਦ ਹੀ ਕੋਈ ਦਿਨ ਅਜਿਹਾ ਲੰਘਿਆ ਹੋਵੇ ਜਿਸ ਦਿਨ ਖਾਲਸਤਾਨੀਆਂ ਦੇ ਹਥਿਆਰਬੰਦ ਫਾਸ਼ੀ ਗਰੋਹਾਂ ਨੇ, ਕਿਸੇ ਨਿਰੰਕਾਰੀ ਨੂੰ ਗੋਲੀ ਨਾਲ ਉਡਾਉਣ, ਕਿਸੇ ਹਿੰਦੂ ਨੂੰ ਵੱਢ ਸਿੱਟਣ, ਕਿਸੇ ਬੈਂਕ ਨੂੰ ਲੁੱਟਣ ਜਾਂ ਕਿਸੇ ਵਿਰੋਧੀ ਦਾ ਮੂੰਹ ਬੰਦ ਕਰਨ ਖ਼ਾਤਰ ਉਸ ਦੇ ਟਿਕਾਣੇ ਉਤੇ ਬੰਬ ਸਿੱਟਣ ਦੀ ਵਾਰਦਾਤ ਨਾ ਕੀਤੀ ਹੋਵੇ। ਇਹਨਾਂ ਫਾਸ਼ੀ ਗਰੋਹਾਂ ਵੱਲੋਂ, ਕਤਲੋ-ਗਾਰਤ, ਮਾਰ-ਧਾੜ ਤੇ ਲੁੱਟ-ਖੋਹ ਦੀਆਂ ਨਿਸ਼ੰਗ ਵਾਰਦਾਤਾਂ ਦਾ ਸਿਲਸਿਲਾ ਏਨਾ ਤੇਜ਼ ਤੇ ਵਿਆਪਕ ਹੋ ਗਿਆ ਹੈ ਕਿ ਪੰਜਾਬ ਦੀਆਂ ਗੈਰ-ਸਿੱਖ ਘੱਟ ਗਿਣਤੀਆਂ, ਖਾਸ ਕਰ ਹਿੰਦੂ ਤੇ ਨਿਰੰਕਾਰੀ, ਅੱਜ ਦਹਿਸ਼ਤ, ਅਨਿਸਚਿਤਤਾ ਤੇ ਬੇਬਸੀ ਦੇ ਭਿਆਨਕ ਦੌਰ ਵਿਚੋਂ ਦੀ ਗੁਜ਼ਰ ਰਹੇ ਹਨ। ਅੱਜ ਨਿਰੰਕਾਰੀ ਧਰਮ ਨੂੰ ਮੰਨਣ ਵਾਲੇ ਕਿਸੇ ਸਾਧਾਰਨ ਆਦਮੀ ਨੂੰ ਇਹ ਪਤਾ ਨਹੀਂ ਕਿ ਕਦੋਂ ਕੋਈ, ਮੋਟਰਸਾਈਕਲ ਸਵਾਰ "ਦੋ ਅਣਪਛਾਣੇ" "ਸਿੱਖ ਨੌਜਵਾਨ" ਉਸ ਕੋਲ ਆ ਧਮਕਣ ਤੇ ਉਸ ਨੂੰ ਦਿਨ-ਦਿਹਾੜੇ ਗੋਲੀ ਨਾਲ ਭੁੰਨ ਜਾਣ ਕਿਸੇ ਹਿੰਦੂ ਪੱਤਰਕਾਰ ਨੂੰ ਇਹ ਨਹੀਂ ਪਤਾ ਕਿ ਕਦੋਂ ਉਹਦੇ ਡਾਕ ਪਾਰਸਲ 'ਚੋ' ਉਹਦੀ ਮੌਤ ਨਿਕਲ ਆਵੇ ਤੇ ਕਿਸੇ ਸਧਾਰਨ ਹਿੰਦੂ ਨੂੰ ਇਹ ਨਹੀਂ ਪਤਾ ਕਿ ਕਦੋਂ ਸਿਰਫ ਸਿਗਰਟ ਪੀਣ ਦੇ ਦੋਸ਼ ਵਿਚ ਕੋਈ ਸਿੱਖ ਜਨੂੰਨੀ ਭਰੇ ਬਾਜ਼ਾਰ ਉਸ ਉਤੇ ਆਪਣੀ ਤਲਵਾਰ ਵਾਹ ਕੇ, ਆਰਾਮ ਨਾਲ ਅੱਗੇ ਲੰਘ ਜਾਵੇ। ਪਿਛਲੇ ਦਿਨਾਂ ਵਿਚ ਕੁਝ ਘਟਨਾਵਾਂ ਅਜਿਹੀਆਂ ਵੀ ਵਾਪਰੀਆਂ ਹਨ ਜਿਹਨਾਂ ਵਿਚ ਇਹਨਾਂ ਫਾਸ਼ੀ ਗਰੋਹਾਂ ਦਾ ਸ਼ਿਕਾਰ ਹੋਣ ਵਾਲੇ ਵਿਅਕਤੀ, ਨਿਰੰਕਾਰੀ ਜਾਂ ਹਿੰਦੂ ਨਹੀਂ ਹਨ ਸਗੋਂ ਸਾਧਾਰਨ ਕਾਰੋਬਾਰੀ ਸਿੱਖ ਹਨ। ਇਹਨਾਂ ਘਟਨਾਵਾਂ ਵਿਚ, ਇਕ ਨਿਹੰਗ ਨੇ, ਬੱਸ ਵਿਚ ਬਿਨਾਂ ਟਿਕਟੋ ਸਫਰ ਕਰਾਉਣ ਤੋਂ ਮਨ੍ਹਾਂ ਕਰਨ ਕਰਕੇ ਕੰਡਕਟਰ ਨੂੰ ਬਰਛੇ ਨਾਲ ਕਤਲ ਕਰ ਦਿੱਤਾ, ਅੰਮ੍ਰਿਤਸਰ ਦੇ ਇਕ ਹੋਟਲ ਮਾਲਕ ਨੂੰ ਰੋਟੀ ਦੇ

ਪੈਸੇ ਮੰਗਣ ਬਦਲੇ, ਨਿਹੰਗਾਂ ਦੇ ਇਕ ਟੋਲੇ ਨੇ ਤਲਵਾਰਾਂ ਨਾਲ ਜ਼ਖਮੀ ਕਰ ਦਿੱਤਾ, ਹਸਪਤਾਲ ਜਾ ਕੇ ਜਿਸ ਦੀ ਮੌਤ ਹੋ ਗਈ, ਇਕ ਚੌਲ-ਮਿੱਲ ਦੇ ਪਹਿਰੇਦਾਰ ਤੋਂ ਬੰਦੂਕ ਖੋਹਣ ਖਾਤਰ, ਖਾਲਸਤਾਨੀਆਂ ਦੇ ਇਕ ਗਰੋਹ ਨੇ ਉਸ ਨੂੰ ਗੋਲੀ ਮਾਰਕੇ ਗੰਭੀਰ ਰੂਪ ਵਿਚ ਜ਼ਖਮੀ ਕਰ ਦਿੱਤਾ ਅਤੇ ਹੁਣੇ ਹੁਣੇ ਵੇਰਕਾ ਮਿਲਕ ਪਲਾਂਟ ਦੇ ਇਕ ਗੰਨ-ਮੈਨ ਨੂੰ, ਮਿਲਕ ਪਲਾਂਟ ਦੀ ਜੀਪ ਵਿਚ ਜਾ ਰਹੇ ਖਜ਼ਾਨਚੀ ਨੂੰ ਲੁੱਟਣ ਖਾਤਰ ਗੋਲੀ ਨਾਲ ਜ਼ਖਮੀ ਕਰ ਦਿੱਤਾ ਗਿਆ ਹੈ। ਇਹ ਘਟਨਾਵਾਂ ਖਾਲਸਤਾਨੀਆਂ ਦੇ ਦੇਸ਼, ਧਰਮ ਦੀ ਰਾਖੀ ਕਰਨ ਦੇ ਪਖੰਡ ਨੂੰ ਨੰਗਾ ਕਰਦੀਆਂ ਹਨ ਅਤੇ ਉਹਨਾਂ ਦੇ ਇਕ ਅਜਿਹੇ ਡਾਕੂ, ਧੱਕੜਸ਼ਾਹ ਤੇ ਧੌਂਸਬਾਜ਼ ਖਾਸੇ ਨੂੰ ਨੰਗਾ ਕਰਦੀਆਂ ਹਨ ਜਿਸ ਦਾ ਧਰਮ ਨਾਲ ਕੋਈ ਸਬੰਧ ਨਹੀਂ। ਇਹ ਦੱਸਦੀਆਂ ਹਨ, ਕਿ ਇਕੱਲੇ ਹਿੰਦੂਆਂ ਜਾਂ ਨਿਰੰਕਾਰੀਆਂ ਦੀ ਹੀ ਨਹੀਂ, ਸਗੋਂ ਪੰਜਾਬ ਦੇ ਸਾਧਾਰਣ ਸਿੱਖਾਂ ਦੀ ਜਾਨ-ਮਾਲ ਵੀ ਇਹਨਾਂ ਖਾਲਸਤਾਨੀ ਫਾਸ਼ੀ ਗਰੋਹਾਂ ਦੀ ਮਾਰ-ਧਾੜ ਦਾ ਸ਼ਿਕਾਰ ਹੋ ਸਕਦੀ ਹੈ।

ਜਿੱਥੋਂ ਤੱਕ ਖਾਲਸਤਾਨੀ ਫਾਸ਼ੀ ਗਰੋਹਾਂ ਤੋਂ ਪੰਜਾਬ ਦੇ ਲੋਕਾਂ ਦੀ ਜਾਨ ਮਾਲ ਦੀ ਰਾਖੀ ਕਰਨ ਦਾ ਸੁਆਲ ਹੈ, ਪੰਜਾਬ ਵਿਚ ਸਰਕਾਰ ਨਾਉਂ ਦੀ ਕੋਈ ਚੀਜ਼ ਨਹੀਂ ਰਹੀ। ਵਾਪਰਦੀਆਂ ਘਟਨਾਵਾਂ ਦੀ ਗਿਣਤੀ ਦੇ ਹਿਸਾਬ ਨਾਲ, ਦੋਸ਼ੀਆਂ ਨੂੰ ਲੱਭਣ ਦੀਆਂ ਕੋਸ਼ਿਸ਼ਾਂ ਅਤੇ ਗਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਗਿਣਤੀ ਲਗਭਗ ਨਾਂਹ ਦੇ ਬਰਾਬਰ ਹੈ।

ਇਕ ਸਾਧਾਰਨ, ਹਿੰਦੂ ਜਾਂ ਨਿਰੰਕਾਰੀ ਦੇ ਕਤਲ ਸਬੰਧੀ ਸਰਕਾਰੀ ਮਸ਼ੀਨਰੀ ਦੇ ਹਰਕਤ ਵਿਚ ਆਉਣ ਦੀ ਆਸ ਰੱਖਣੀ ਉੱਕਾ ਹੀ ਫਜ਼ੂਲ ਹੈ ਜੇ ਇਹ ਮਸ਼ੀਨਰੀ ਉਦੋਂ ਵੀ ਚੁੱਪ-ਚਾਪ ਵੇਖਦੀ ਰਹੇ, ਹਰਕਤ ਵਿਚ ਨਾ ਆ ਰਹੀ ਹੋਵੇ ਜਦੋਂ ਦਰਜਨ ਦੇ ਕਰੀਬ ਬੈਂਕ ਲੁੱਟੇ ਜਾ ਚੁੱਕੇ ਹੋਣ ਸਰਕਾਰੀ ਅਸਲਾਖਾਨਾ ਲੁੱਟਿਆ ਜਾ ਚੁੱਕਿਆ ਹੋਵੇ ਪੁਲਸ ਥਾਣਿਆਂ ਉਤੇ ਬੰਬ-ਧਮਾਕੇ ਹੋ ਚੁੱਕੇ ਹੋਣ ਅਤੇ ਪੁਲਸ ਅਫਸਰਾਂ ਦੇ ਕਤਲ ਹੋ ਚੁੱਕੇ ਹੋਣ। ਪਰ ਕੀ ਸਰਕਾਰ ਸਚਮੁੱਚ ਐਨੀ ਕਮਜ਼ੋਰ ਤੇ ਸਾਹਸਤ-ਹੀਣ ਹੋ ਗਈ ਹੈ ਕਿ ਖਾਲਸਤਾਨੀ ਫਾਸ਼ੀ ਗਰੋਹਾਂ ਵੱਲੋਂ ਚੱਕੀ ਅੱਤ ਨੂੰ ਚੁੱਪ-ਚਾਪ ਦੇਖਣ ਤੋਂ ਸਿਵਾ ਉਸ ਕੋਲ ਕੋਈ ਚਾਰਾ ਨਹੀਂ ਰਿਹਾ? ਨਹੀਂ, ਐਹੋ ਜਿਹੀ ਕੋਈ ਗੱਲ ਨਹੀਂ।

ਪੰਜਾਬ ਪੁਲਸ ਨੂੰ ਆਪਣੇ ਵਹਿਸ਼ੀਪੁਣੇ ਅਤੇ ਦਰਿੰਦਗੀ ਉਤੇ ਮਾਣ ਹੈ। ਜਦੋਂ ਕਿਤੇ ਕਾਂਗਰਸੀ ਹਾਕਮਾਂ ਦੀ ਕੁਰਸੀ ਸਲਾਮਤ ਰੱਖਣ ਦੀ ਲੋੜ ਮੰਗ ਕਰਦੀ ਹੈ, ਤਾਂ ਪੰਜਾਬ ਪੁਲਸ ਨੂੰ ਬਾਹਰਲੇ ਸੂਬਿਆਂ ਵਿਚ 'ਅਮਨ ਕਾਨੂੰਨ' ਦੀ ਰਾਖੀ ਦੇ ਨਾਉਂ ਉਤੇ ਲੋਕ-ਲਹਿਰਾਂ ਨੂੰ ਖੂਨ ਵਿਚ ਡਬੋਣ ਅਤੇ ਸਰਕਾਰ-ਵਿਰੋਧੀ ਐਜੀਟੇਸ਼ਨਾਂ ਨੂੰ ਕੁਚਲਣ ਲਈ ਉਚੇਚੇ ਤੌਰ ਤੇ ਭੇਜਿਆ ਜਾਂਦਾ ਹੈ। ਜਦੋਂ ਕਿਤੇ ਕਾਂਗਰਸੀ ਹਾਕਮਾਂ ਦੀ ਕੁਰਸੀ ਸਲਾਮਤ ਰੱਖਣ ਦੀ ਲੋੜ ਮੰਗ ਕਰਦੀ ਹੈ ਤਾਂ ਕੇਂਦਰੀ ਕਾਂਗਰਸ ਹਕੂਮਤ ਕਿਸੇ ਸੂਬੇ ਵਿਚ ਆਪਣੀ ਕੇਂਦਰੀ ਰਿਜ਼ਰਵ ਪੁਲਸ ਭੇਜ ਕੇ, ਦਿਨਾਂ ਤੇ ਘੰਟਿਆਂ ਵਿਚ ਬੇਐਲਾਨਿਆਂ ਪੁਲਸ-ਰਾਜ ਮੜ੍ਹਦੀ ਰਹੀ ਹੈ। ਹੁਣ ਤੱਕ ਜੇ ਕਾਂਗਰਸੀ ਹਾਕਮਾਂ ਨੇ ਮੁੱਠੀ ਭਰ ਖਾਲਸਤਾਨੀ ਫਾਸ਼ੀ ਗਰੋਹਾਂ ਵਿਰੁੱਧ ਵਾਜਬ ਤੇ ਲੋੜੀਂਦੀ ਕਾਰਵਾਈ ਵੀ ਨਹੀਂ ਕੀਤੀ ਤਾਂ ਸਿਰਫ ਇਸ ਕਰਕੇ ਕਿ, ਪੰਜਾਬ ਦੇ ਫਿਰਕੂ ਅਮਨ ਦੀ ਰਾਖੀ ਲਈ ਲੋਕਾਂ ਦੀ ਜਾਨਮਾਲ ਦੀ ਰਾਖੀ ਲਈ, ਇਹਨਾਂ ਫਾਸ਼ੀ ਗਰੋਹਾਂ ਵਿਰੁੱਧ ਸਰਕਾਰ ਵੱਲੋਂ ਲੋੜੀਂਦੀ ਕਾਰਵਾਈ ਕਰਨ ਨਾਲ ਕਿਤੇ ਕੇਂਦਰੀ ਇੰਦਰਾ ਹਕੂਮਤ, ਕੁਰਸੀ ਸਲਾਮਤੀ ਲਈ ਅਕਾਲੀ ਲੀਡਰਾਂ ਨਾਲ ਖੇਡੀ ਜਾ ਰਹੀ ਆਪਣੀ ਮੰਦੀ ਸਿਆਸੀ ਜੂਏਬਾਜ਼ੀ ਵਿਚ ਮਾਤ ਨਾ ਖਾ ਜਾਵੇ।

ਕਿਸੇ ਸੂਬੇ ਵਿਚ ਸ਼ਕਤੀਸ਼ਾਲੀ ਤੇ ਵਿਆਪਕ ਲੋਕ ਲਹਿਰ ਨੂੰ ਕਚਲਣ ਲਈ ਜਾਂ ਸਥਾਨਕ ਪੱਧਰ ਤੇ ਤਾਕਤਵਰ ਤੇ ਕੇਂਦਰੀ ਹਕੂਮਤ ਨਾਲ ਤਿਖੇ ਭੇੜ ਵੱਲ ਵਧ ਰਹੀ ਕਿਸੇ ਵਿਰੋਧੀ ਸਿਆਸੀ ਪਾਰਟੀ ਨੂੰ ਮਾਤ ਦੇਣ ਲਈ ਕੇਂਦਰੀ ਇੰਦਰਾ ਹਕੂਮਤ ਇਕ ਸ਼ਾਤਰ ਤੇ ਮੁਜਰਮਾਨਾ ਢੰਗ ਵਰਤ ਰਹੀ ਹੈ ਵਿਰੋਧੀ ਧਿਰ ਨੂੰ ਕੁਚਲਣ ਲਈ ਕੇਂਦਰੀ ਹਥਿਆਰਬੰਦ ਦਸਤਿਆਂ ਰਾਹੀਂ, ਉਸ ਉਤੇ ਭਰਵੀਂ ਤੇ ਫੈਸਲਾਕੁਨ ਸੱਟ ਮਾਰਨ ਤੋਂ ਪਹਿਲਾਂ, ਇੰਦਰਾਂ ਜੁੰਡਲੀ ਸੰਬੰਧਿਤ ਸੂਬੇ ਦੇ ਲੋਕਾਂ ਵਿਚ, ਜਾਤ, ਧਰਮ, ਫਿਰਕੇ ਜਾਂ ਇਲਾਕਾ ਪਰਸਤੀ ਦੇ ਆਧਾਰ ਉਤੇ, ਰੱਟੇ ਖੜੇ ਕਰਦੀ ਹੈ, ਮੌਜੂਦ ਰੱਟਿਆਂ ਨੂੰ ਹਵਾ ਦੇ ਕੇ, ਫਸਾਦ ਭੜਕਾਉਣ ਦਾ ਯਤਨ ਕਰਦੀ ਹੈ; ਅਜਿਹੀਆਂ ਹਾਲਤਾਂ ਪੈਦਾ ਕਰਦੀ ਹੈ ਜਾਂ ਪੈਦਾ ਹੋਣ ਤੇ ਵਧਣ-ਫੁੱਲਣ ਦੀ ਆਗਿਆ ਦਿੰਦੀ ਹੈ ਜਦੋਂ ਸੰਬੰਧਤ ਸੂਬੇ ਵਿਚਲੀਆਂ ਘੱਟ-ਗਿਣਤੀਆਂ, ਬਹੁ-ਗਿਣਤੀ ਹੱਥੋਂ ਵਧਾਕੀਆਂ ਤੇ ਦਹਿਸ਼ਤ ਦਾ ਸ਼ਿਕਾਰ ਹੋ ਕੇ ਬੁਰੀ ਤਰ੍ਹਾਂ ਅਸੁਰੱਖਿਅਤ ਮਹਿਸੂਸ ਕਰਨ ਲੱਗ ਜਾਣ, ਜਦੋਂ ਸੂਬੇ ਦੀ ਅਮਨ-ਕਾਨੂੰਨ ਦੀ ਦਿਨੋ-ਦਿਨ ਵਿਗੜਦੀ ਹਾਲਤ ਅਤੇ ਬਹੁ-ਗਿਣਤੀ ਵੱਲੋਂ ਘੱਟ ਗਿਣਤੀਆਂ ਉਤੇ ਕੀਤੀਆਂ ਜਾ ਰਹੀਆਂ ਵਧੀਕੀਆਂ ਮੁਲਕ ਭਰ ਦੀ ਚਰਚਾ ਦਾ ਵਿਸ਼ਾ ਬਣ ਜਾਣ; ਤੇ ਜਦੋਂ ਇਕੋ-ਸੱਟੇ, ਸੰਬੰਧਤ ਸੂਬੇ ਵਿਚਲੀਆਂ ਲੋਕ ਲਹਿਰਾਂ ਨੂੰ, ਤੇ ਲੋਕਾਂ ਦੇ ਪਹਿਲਾਂ ਹੀ ਸੀਮਤ ਜਮਹੂਰੀ ਅਧਿਕਾਰ ਨੂੰ ਕੁਚਲਣ ਲਈ, ਅਤੇ ਵਿਰੋਧੀ ਸਿਆਸੀ ਪਾਰਟੀਆਂ ਨੂੰ ਯਰਕਾਉਣ ਜਾਂ ਦਬਾਉਣ ਲਈ ਕੇਂਦਰੀ ਹਕੂਮਤ ਵੱਲੋਂ ਕੀਤੇ

ਜਾਣ ਵਾਲੇ ਭਰਵੇਂ ਜਾਬਰ ਵਾਰ ਨੂੰ ਸੂਬੇ ਦੀਆਂ ਘੱਟ-ਗਿਣਤੀਆਂ ਜੀਅ-ਆਇਆਂ ਕਹਿਣ ਲਈ ਤਿਆਰ ਹੋਣ ਤੇ ਮੁਲਕ ਦੇ ਬਾਕੀ ਲੋਕਾਂ ਸਾਹਮਣੇ ਇਸ ਜ਼ਾਬਰ ਵਾਰ ਦੀ ਵਾਜਬੀਅਤ ਦਰਸਾਉਣੀ ਮੁਕਾਬਲਤਨ ਸੌਖੀ ਹੋ ਜਾਵੇ। ਕੇਂਦਰੀ ਇੰਦਰਾ ਜੁੰਡਲੀ ਨੇ ਅਸਾਮ ਦੀ ਐਜੀਟੇਸ਼ਨ ਨੂੰ ਕੁਚਲਣ ਲਈ ਇਹੋ ਢੰਗ ਵਰਤਿਆ ਹੈ। ਜੰਮੂ-ਕਸ਼ਮੀਰ ਵਿਚ ਨੈਸ਼ਨਲ ਕਾਨਫਰੰਸ ਦੇ ਆਗੂ ਨੂੰ ਧਰਕਾ ਕੇ ਥੱਲੇ ਲਾਉਣ ਜਾਂ ਤਾਕਤ ਦੇ ਜ਼ੋਰ ਦਬਾ ਦੇਣ ਲਈ ਇੰਦਰਾ ਹਕੂਮਤ ਏਸੇ ਰਾਹ ਤੁਰ ਪਈ ਹੈ। ਏਸੇ ਮੁਜਰਮਾਨਾ ਤੇ ਸਾਜ਼ਸ਼ੀ ਸਕੀਮ ਅਧੀਨ ਕੇਂਦਰੀ ਇੰਦਰਾ ਹਕੂਮਤ ਨੇ, ਪੰਜਾਬ ਦੀਆਂ ਗੈਰ-ਸਿੱਖ ਘੱਟ ਗਿਣਤੀਆਂ ਨੂੰ ਤੇ ਪੰਜਾਬ ਦੇ ਫਿਰਕੂ ਅਮਨ ਨੂੰ ਹੁਣ ਤਕ ਖਾਲਸਤਾਨੀ ਖੂੰਨੀ ਬਘਿਆੜਾਂ ਅੱਗੇ ਸਿੱਟੀ ਰਖਿਆ ਹੈ ਅਤੇ ਇਹਨਾਂ ਫਾਸ਼ੀ ਹਥਿਆਰਬੰਦ ਗਰੋਹਾਂ ਨੂੰ ਜਾਣ ਬੁੱਝਕੇ ਵਧਣ ਫੁੱਲਣ ਦਿੱਤਾ ਹੈ। ਅਤੇ ਹੁਣ ਸਮਾਂ ਆ ਗਿਆ ਹੈ ਜਦੋਂ ਪੰਜਾਬ ਵਿਚ ਘੱਟ-ਗਿਣਤੀਆਂ ਦੀ ਰਾਖੀ ਦੇ ਨਾਉਂ ਉੱਤੇ, ਪੰਜਾਬ ਵਿਚ ਅਮਨ-ਕਾਨੂੰਨ ਦੀ ਰਾਖੀ ਦੇ ਨਾਉਂ ਉੱਤੇ ਕੇਂਦਰੀ ਇੰਦਰਾ ਹਕੂਮਤ ਨੇ ਪੰਜਾਬ ਦੀਆਂ ਇਨਕਲਾਬੀ ਸ਼ਕਤੀਆਂ ਉੱਤੇ ਸੱਟ ਮਾਰਨ ਲਈ ਲੋਕਾਂ ਦੇ ਸੀਮਤ ਜਮਹੂਰੀ ਅਧਿਕਾਰਾਂ ਨੂੰ ਕੁਚਲਣ ਲਈ, ਸਰਕਾਰ ਵਿਰੁੱਧ ਭਖ ਰਹੀ ਲੋਕ-ਬੇਚੈਨੀ ਨੂੰ ਕਾਬੂ ਵਿਚ ਰਖਣ ਲਈ ਅਤੇ ਅਕਾਲੀ ਦਲ ਦੇ ਆਗੂਆਂ ਨੂੰ ਜਾਂ ਧਰਕਾ ਕੇ ਸਮਝੌਤੇ ਵਾਸਤੇ ਮਜਬੂਰ ਕਰਨ ਲਈ ਤੇ ਜਾਂ ਸਖਤੀ ਨਾਲ ਦਬਾ ਦੇਣ ਲਈ, ਪੰਜਾਬ ਉੱਤੇ ਭਰਵਾਂ ਜਾਬਰ ਹੱਲਾ ਬੋਲਣ ਦਾ ਫੈਸਲਾ ਲੈ ਲਿਆ ਹੈ।

ਅਕਾਲੀ ਦਲ ਦੇ ਆਗੂਆਂ ਦੇ ਇਹ ਬਿਆਨ ਫਜ਼ੂਲ ਤੇ ਤੱਤ-ਹੀਣ ਹਨ ਕਿ ਉਹਨਾਂ ਦਾ ਖਾਲਸਤਾਨੀ ਫਾਸ਼ੀ ਗਰੋਹਾਂ ਤੇ ਉਹਨਾਂ ਦੀਆਂ ਕਾਰਵਾਈਆਂ ਨਾਲ ਕੋਈ ਸੰਬੰਧ ਨਹੀਂ, ਕਿ ਅਕਾਲੀ ਦਲ ਸ਼ਾਂਤੀ ਦਾ ਇੱਛੁਕ ਹੈ ਕਿ ਉਹ ਪੰਜਾਬ ਦੇ ਫਿਰਕੂ ਅਮਨ ਨੂੰ ਕਾਇਮ ਰੱਖਣ ਲਈ ਯਤਨਸ਼ੀਲ ਹੈ। ਅਕਾਲੀ ਆਗੂ, ਪੰਜਾਬ ਵਿਚ ਫਿਰਕੂ ਸਿੱਖ ਜਨੂੰਨੀਆਂ ਵਲੋਂ ਕੀਤੀਆਂ ਜਾ ਰਹੀਆਂ, ਮਾਰ-ਧਾੜ ਤੇ ਸਾੜ-ਫੂਕ ਦੀ ਹਰ ਕਾਰਵਾਈ ਪਿੱਛੇ ਪੰਜਾਬ ਦੀ ਕਾਂਗਰਸ ਸਰਕਾਰ ਦਾ ਹੱਥ ਦੱਸਕੇ ਅਤੇ ਇਹਨਾਂ ਸਾਰੀਆਂ ਕਾਰਵਾਈਆਂ ਦੀ ਅਦਾਲਤੀ ਜਾਂਚ ਦੀ ਮੰਗ ਕਰਕੇ ਆਪਣੇ ਆਪ ਨੂੰ ਬਰੀ ਕਰਨ ਦਾ ਯਤਨ ਕਰ ਰਹੇ ਹਨ। ਕੀ ਇਸ ਗੱਲ ਵਾਸਤੇ ਵੀ ਕਿਸੇ ਅਦਾਲਤੀ ਪੜਤਾਲ ਦੀ ਲੋੜ ਹੈ ਕਿ, ਜਰਨੈਲ ਸਿੰਘ ਭਿੰਡਰਾਂਵਾਲੇ, ਉਸਦੇ ਹਥਿਆਰਬੰਦ ਗਰੋਹਾਂ ਨੂੰ, ਜਿਹੜਾ ਨਿਰੰਕਾਰੀਆਂ ਤੇ ਲਾਲਾ ਜਗਤ ਨਾਰਾਇਣ ਦੇ ਕਤਲਾਂ ਨੂੰ ਸ਼ਰੇਆਮ ਜੀਅ-ਆਇਆਂ ਕਹਿੰਦਾ ਹੈ, ਕਾਤਲਾਂ ਨੂੰ ਸਰੋਪੇ ਭੇਟ ਕਰਦਾ ਹੈ, ਖਾਲਸਤਾਨੀ ਜਨੂੰਨੀਆਂ ਦੇ ਹਥਿਆਰਬੰਦ ਗਰੋਹਾਂ ਵੱਲੋਂ ਕੀਤੇ ਜਾਣ ਵਾਲੇ ਨਵੇਂ ਕਤਲਾਂ ਦੀਆਂ ਲਿਸਟਾਂ ਦਾ ਪਬਲਕ ਸਟੇਜਾਂ ਤੋਂ ਐਲਾਨ ਕਰਦਾ ਰਿਹਾ ਹੈ, ਅਕਾਲੀ ਆਗੂਆਂ ਨੇ ਹਰਮੰਦਰ ਸਿਰਫ ਪਨਾਹ ਹੀ ਨਹੀਂ ਦਿੱਤੀ ਹੋਈ ਹੈ, ਸਿਰਫ ਪਨਾਹ ਸਰਫ ਪਨਾਹ ਹੀ ਨਹੀਂ ਦਿੱਤੀ ਹੋਈ ਸਗੋਂ ਉਹ ਅਕਾਲੀ ਦਲ ਦੇ ਮੌਜੂਦਾ 'ਧਰਮ-ਯੁੱਧ' ਦੇ ਉੱਚ ਆਗੂਆਂ ਵਿਚੋਂ ਹੈ ਅਤੇ ਮੋਰਚੇ ਦੇ ਹਰ ਮਹੱਤਵਪੂਰਨ ਮੌਕੇ ਦੇ ਅਕਾਲੀ ਆਗੂ ਉਸ ਦੀ ਰਜ਼ਾ ਜਾਨਣ ਲਈ ਉਸ ਸਾਹਮਣੇ ਪੇਸ਼ ਹੁੰਦੇ ਹਨ।

ਇਕ ਪਾਸੇ, ਖਾਲਸਤਾਨੀਆਂ ਦੀਆਂ ਹਥਿਆਰਬੰਦ ਟੁਕੜੀਆਂ ਵਿਰੋਧੀਆਂ ਨੂੰ ਆਪਣੀ ਫਾਸ਼ੀ ਤਾਕਤ ਦੀ ਈਨ ਮਨਾਉਣ ਖਾਤਰ ਪੰਜਾਬ ਭਰ ਵਿਚ ਧਰਕਾਊ ਕਾਰਵਾਈਆਂ ਕਰਦੀਆਂ ਫਿਰ ਰਹੀਆਂ ਹਨ। ਦੂਜੇ ਪਾਸੇ ਜਰਨੈਲ ਸਿੰਘ ਭਿੰਡਰਾਂਵਾਲਾ ਹਰਮੰਦਰ ਸਾਹਿਬ ਵਿਚੋਂ, ਆਪਣੇ ਵਿਰੋਧੀਆਂ ਲਈ, ਇਉਂ ਫੁਰਮਾਨ ਜਾਰੀ ਕਰ ਰਿਹਾ ਹੈ ਜਿਵੇਂ ਸਾਰਾ ਪੰਜਾਬ ਉਸਦੀ ਹਕੂਮਤ ਹੇਠ ਜਿਉਂ ਰਿਹਾ ਹੋਵੇ। ਪਿਛਲੇ ਦਿਨੀਂ ਉਸ ਨੇ ਹਿੰਦ-ਸਮਾਚਾਰ ਅਖਬਾਰ ਦੇ ਮਾਲਕ ਰਮੇਸ਼ ਚੰਦਰ ਵਾਸਤੇ ਇਕ 'ਹੁਕਮਨਾਮਾ' ਜਾਰੀ ਕਰਦਿਆਂ ਕਿਹਾ ਕਿ ਉਹ, ਆਪਣੇ ਅਖਬਾਰ ਵੱਲੋਂ ਜਾਰੀ ਕੀਤੇ ਇਕ ਕਲੰਡਰ ਨੂੰ ਚਾਰ ਦਿਨਾਂ ਦੇ ਅੰਦਰ-ਅੰਦਰ ਵਾਪਸ ਲਵੇ ਅਤੇ ਅਜਿਹਾ ਕਲੰਡਰ ਜਾਰੀ ਕਰਨ ਦੇ ਦੋਸ਼ ਲਈ ' ਸਿਖ ਪੰਥ'' ਤੋਂ ਮੁਆਫੀ ਮੰਗੇ ਕਿਉਂਕਿ ਕਲੰਡਰ ਵਿਚ, ਗੁਰੂ ਗੋਬਿੰਦ ਸਿੰਘ ਦੀ ਤਸਵੀਰ ਵੀ ਛਾਪੀ ਗਈ ਸੀ ਅਤੇ ਭਿੰਡਰਾਂ ਵਾਲੇ ਦੇ ਕਹਿਣ ਅਨੁਸਾਰ ਇਸ ਨਾਲ ਸਿੱਖਾਂ ਦੇ ਧਾਰਮਕ ਜਜ਼ਬਾਤਾਂ ਨੂੰ ਸੱਟ ਵੱਜੀ ਹੈ। ਰਮੇਸ਼ ਚੰਦਰ ਵੱਲੋਂ ਮੁਆਫੀ ਨਾ ਮੰਗਣ ਦੀ ਸੂਰਤ ਵਿਚ ਸਜ਼ਾ ਭੁਗਤਨ ਲਈ ਤਿਆਰ ਰਹਿਣ ਦੀ ਉਸਨੂੰ ਸ਼ਰੇਆਮ ਧਮਕੀ ਦਿੱਤੀ ਗਈ। ਵਿਰੋਧੀ ਧਰਮ ਦੇ ਕਿਸੇ ਵਿਅਕਤੀ ਦੀ ਕਿਹੜੀ ਸਿੱਖਾ ਦੇ ਧਾਰਮਕ ਜ਼ਜਬਾਤਾਂ ਉੱਤੇ ਸੱਟ ਮਾਰਦੀ ਹੈ ਤੇ ਕਿਹੜੀ ਨਹੀਂ ਜਦੋਂ ਮਨਆਏ ਢੰਗ ਨਾਲ ਇਸ ਦਾ ਫੈਸਲਾ ਕਰਨ ਦਾ ਅਧਿਕਾਰ ਸਿੱਖ ਧਰਮ ਦਾ ਕੋਈ ਆਗੂ ਆਪਣੇ ਹੱਥ ਲੈ ਸਕਦਾ ਹੋਵੇ, ਜਦੋਂ ਉਹ ਜਦੋਂ ਮਰਜੀ ਤੇ ਜਿਸਨੂੰ ਮਰਜ਼ੀ ਸਿੱਖ ਧਰਮ ਦਾ ਦੁਸ਼ਮਣ ਕਰਾਰ ਦੇ ਕੇ ਉਸਨੂੰ ਈਨ ਮੰਨਣ ਲਈ ਸ਼ਰੇਆਮ ਹੁਕਮਨਾਮਾ ਜਾਰੀ ਕਰ ਸਕਦਾ ਹੋਵੇ, ਅਤੇ ਈਨ ਨਾ ਮੰਨਣ ਦੀ ਸੂਰਤ ਵਿਚ ਸੰਬੰਧਿਤ ਵਿਅਕਤੀ ਨੂੰ ਆਪਣੀ ਜਾਨ ਤੋਂ ਹੱਥ ਧੋਣ ਦਾ ਹਕੀਕੀ ਖਤਰਾ ਮੌਜੂਦ ਹੋਵੇ ਤਾਂ ਵਖਰੇ ਧਰਮ ਵਾਲਿਆਂ ਲਈ ਸਿੱਖ ਧਰਮ ਦੀ

ਡਿਕਟੇਟਰੀ ਵਾਲੇ ਰਾਜ ਵਿਚ ਜਿਉਣ ਦੀਆਂ ਹਾਲਤਾਂ ਇਸ ਤੋਂ ਵਖਰੀਆਂ ਕੀ ਹੋਣਗੀਆਂ ? ਹਿੰਦ ਸਮਾਚਾਰ ਦੇ ਮਾਲਕ ਨੇ ਆਪਣੇ ਅਖਬਾਰ ਵਿਚ ਇਹ ਗੱਲ ਸਪਸ਼ਟ ਕਰ ਦਿਤੀ ਕਿ ਉਸ ਨੇ ਆਪਣੇ ਅਖਬਾਰ ਦੇ ਕਲੰਡਰ ਵਿਚ ਸਿੱਖ ਗੁਰੂ ਦੀ ਤਸਵੀਰ, ਸਿੱਖਾਂ ਦੇ ਧਾਰਮਿਕ ਜਜ਼ਬਾਤਾਂ ਨੂੰ ਕਿਸੇ ਕਿਸਮ ਦੀ ਠੇਸ ਪਹੁੰਚਾਉਣ ਦੇ ਇਰਾਦੇ ਨਾਲ ਨਹੀਂ ਛਾਪੀ, ਸਗੋਂ ਇਸ ਤੋਂ ਉਲਟ, ਉਸ ਨੇ ਤਾਂ ਸਿੱਖ ਗੁਰੂ ਵੱਲ ਆਪਣੇ ਆਦਰ ਤੇ ਸ਼ਰਧਾ ਦਾ ਪਰਗਟਾਵਾ ਕਰਨ ਦੀ ਇੱਛਾ ਨਾਲ ਛਾਪੀ ਹੈ। ਉਸਨੇ ਅਕਾਲੀ ਦਲ ਦੇ ਆਗੂਆਂ ਨੂੰ ਇਸ ਮਸਲੇ ਵਿਚ ਦਖਲ ਦੇਣ ਦੀ ਅਪੀਲ ਕੀਤੀ ਅਤੇ ਉਹਨਾਂ ਵੱਲੋਂ ਕੀਤੇ ਕਿਸੇ ਵੀ ਫੈਸਲੇ ਨੂੰ ਮੰਨਣ ਦਾ ਐਲਾਨ ਕੀਤਾ, ਇਸ ਆਸ ਨਾਲ ਕਿ ਅਕਾਲੀ ਆਗੂ, ਭਿੰਡਰਾਂ ਵਾਲੇ ਦੀ ਇਸ ਜਨੂੰਨੀ ਤੇ ਧੱਕੜਸ਼ਾਹ ਕਾਰਵਾਈ ਨਾਲੋਂ ਆਪਣਾ ਨਿਖੇੜਾ ਕਰਨਗੇ ਅਤੇ ਉਸਦੀ ਹਮਾਇਤ ਕਰਨਗੇ। ਪਰ ਅਕਾਲੀ ਆਗੂਆਂ ਵੱਲੋਂ ਬਣਾਈ ਧਰਮ ਪਰਚਾਰ ਕਮੇਟੀ ਨੇ ਭਿੰਡਰਾਂ ਵਾਲੇ ਦੀ ਹਾਂ ਵਿਚ ਹਾਂ ਮਿਲਾਉਂਦਿਆਂ ਰਮੇਸ਼ ਚੰਦਰ ਨੂੰ ਆਪਣਾ ਕਲੰਡਰ ਵਾਪਸ ਲੈਣ ਤੇ ਮੁਆਫ਼ੀ ਮੰਗਣ ਦਾ ਹੁਕਮ ਸੁਣਾ ਦਿਤਾ। ਇਸ ਘਟਨਾ ਨੇ ਪੰਜਾਬ ਦੀਆਂ ਗੈਰ ਸਿੱਖ ਘਟ ਗਿਣਤੀਆਂ ਉਤੇ ਦਹਿਸ਼ਤ ਪਾਉਣ, ਜ਼ੁਲਮ ਢਾਹੁਣ ਦੇ, ਈਨ ਮਨਾਉਣ ਦੇ ਮਾਮਲੇ ਵਿੱਚ ਖਾਲਸਤਾਨੀ ਫਾਸ਼ੀ ਗਰੋਹਾਂ, ਅਤੇ ਅਕਾਲੀ ਦਲ ਦੇ ਆਗੂਆਂ ਵਿਚਲੇ ਗਠ-ਜੋੜ ਨੂੰ ਇਕ ਵਾਰ ਫਿਰ ਸਪਸ਼ਟ ਰੂਪ ਵਿਚ ਸਾਹਮਣੇ ਲੈ ਆਂਦਾ ਹੈ। ਇਹ ਗੱਲ ਸੰਭਵ ਹੈ ਕਿ ਅਕਾਲੀ ਲੀਡਰਸ਼ਿਪ ਦਾ ਕੋਈ ਹਿੱਸਾ ਖਾਲਸਤਾਨੀ ਫਾਸ਼ੀ ਗਰੋਹਾਂ ਦੀਆਂ ਕਾਰਵਾਈਆਂ ਨਾਲ ਦਿਲੋਂ-ਮਨੋਂ ਸਹਿਮਤ ਨਾ ਹੋਵੇ। ਪਰ ਇਸ ਗੱਲ ਨਾਲ ਇਸ ਤੱਥ ਉਤੇ ਕੋਈ ਫਰਕ ਨਹੀਂ ਪੈਂਦਾ ਕਿ ਅਕਾਲੀ ਆਗੂ, ਕੇਂਦਰੀ ਇੰਦਰਾ ਹਕੂਮਤ ਨਾਲ ਚੱਲ ਰਹੇ ਆਪਣੇ ਕੁਰਸੀ ਯੁੱਧ ਵਿਚ ਜਿੱਤ ਪਰਾਪਤ ਕਰਨ ਲਈ ਹਰ ਹਾਲ 'ਪੰਥਕ ਏਕਤਾ' ਕਾਇਮ ਰੱਖਣੀ ਚਾਹੁੰਦੇ ਹਨ। ਇਸ 'ਪੰਥਕ ਏਕਤਾ' ਦਾ ਮਤਲਬ ਖਾਲਸਤਾਨੀ ਫਾਸ਼ੀ ਗਰੋਹਾਂ ਨਾਲ ਗਠਜੋੜ ਕਾਇਮ ਰਖਣਾ ਹੈ। ਸੋ ਇਸ ਲੋੜ ਵਿਚੋਂ ਹੀ ਉਹ ਇਹਨਾਂ ਫਾਸ਼ੀ ਗਰੋਹਾਂ ਵੱਲੋਂ ਘੱਟ ਗਿਣਤੀਆਂ ਵਿਰੁੱਧ ਕੀਤੀਆਂ ਜਾ ਰਹੀਆਂ ਜ਼ਾਲਮਾਨਾਂ ਕਾਰਵਾਈਆਂ ਵੱਲ ਕਦੇ ਅੱਖਾਂ ਮੀਚਦੇ ਰਹੇ ਹਨ, ਕਦੇ ਚੁੱਪ-ਹਮਾਇਤ ਤੇ ਕਦੇ ਹੱਲਾਸ਼ੇਰੀ ਤੇ ਸ਼ਰੇਆਮ ਹਮਾਇਤ ਕਰਦੇ ਆ ਰਹੇ ਹਨ। ਪੰਜਾਬ ਦੇ ਫਿਰਕੂ ਅਮਨ ਦੀ ਕੀਮਤ ਉਤੇ, ਘੱਟ-ਗਿਣਤੀਆਂ ਦੀ ਜਾਨ-ਮਾਲ ਤੇ ਧਾਰਮਕ ਅਜ਼ਾਦੀਆਂ ਦੀ ਕੀਮਤ ਉਤੇ, ਕੁਰਸੀ-ਭੇੜ ਲਈ ਕੇਂਦਰੀ ਹਕੂਮਤ ਨਾਲ ਮੰਦੀ ਸਿਆਸੀ ਖੇਡ ਵਿਚ ਰੁਝੇ ਅਕਾਲੀ ਆਗੂ ਪੰਜਾਬ ਦੀਆਂ ਮੌਜੂਦਾ ਹਾਲਤਾਂ ਲਈ ਓਨੇ ਹੀ ਜ਼ੁਮੇਵਾਰ ਹਨ ਜਿੰਨੇ ਖੁਦ ਖਾਲਸਤਾਨੀਆਂ ਦੇ ਹਥਿਆਰ ਬੰਦ ਫਾਸ਼ੀ ਗਰੋਹ।

ਪੰਜਾਬ ਦੀਆਂ ਗੈਰ-ਸਿੱਖ ਘਟ ਗਿਣਤੀਆਂ ਦੇ ਸਿਰ-ਪਈ ਇਸ ਭੀੜ ਦੇ ਮੌਕੇ, ਸਾਰੀਆਂ ਮੌਕਾਪ੍ਰਸਤ ਵਿਰੋਧੀ ਸਿਆਸੀ ਪਾਰਟੀਆਂ ਵਿੰਹਦਿਆਂ ਵਿੰਹਦਿਆਂ, ਨੰਗੇ ਚਿੱਟੇ ਤੌਰ ਤੇ, ਅੱਖਾਂ ਫੇਰ ਗਈਆਂ ਹਨ। ਭਾਵੇਂ ਇਹ ਪਾਰਟੀਆਂ, ਖਾਲਸਤਾਨੀ ਫਾਸ਼ੀ ਗਰੋਹਾਂ ਤੇ ਉਹਨਾਂ ਦੀਆਂ ਕਾਰਵਾਈਆਂ ਦੇ ਖਿਲਾਫ, ਬਿਆਨ ਤੇ ਬਿਆਨ ਦਾਗ ਰਹੀਆਂ ਹਨ, ਇਹਨਾਂ ਦਾ ਸ਼ਿਕਾਰ ਹੋ ਰਹੇ ਲੋਕਾਂ ਲਈ 'ਹਮਾਇਤ' ਤੇ ਪੰਜਾਬ ਦੀ ਹਾਲਤ ਉਤੇ 'ਚਿੰਤਾ' ਪਰਗਟ ਕਰ ਰਹੀਆਂ ਹਨ ਪਰ ਅਜ ਘੱਟ ਗਿਣਤੀਆਂ ਦੀ ਦਿਲੋਂ-ਮਨੋਂ ਹਮਾਇਤ ਕੌਣ ਕਰਦਾ ਹੈ, ਸਿੱਖ ਜਨੂੰਨੀਆਂ ਦਾ ਡਟਵਾਂ ਵਿਰੋਧ ਕੌਣ ਕਰਦਾ ਹੈ ਇਸਦਾ ਇਕ ਲਾਜ਼ਮੀ ਪੈਮਾਨਾ ਇਹ ਵੀ ਹੈ ਕਿ ਉਸਦਾ ਅਕਾਲੀ ਆਗੂਆਂ ਤੇ ਉਹਨਾਂ ਦੇ ਮੋਰਚੇ ਵੱਲ ਕੀ ਰਵਈਆ ਹੈ। ਪੰਜਾਬ ਦੇ ਲੋਕਾਂ ਦੇ ਹਿੱਤਾਂ ਦੇ ਪੱਖ ਤੋਂ ਦੇਖਿਆਂ, ਖਾਲਸਤਾਨੀ ਫਾਸ਼ੀ ਗਰੋਹਾਂ ਅਤੇ ਅਕਾਲੀ ਆਗੂਆਂ ਵਿਚਕਾਰ ਅੱਜ ਕੋਈ ਗਿਣਨਯੋਗ ਨਿਖੇੜਾ ਕਰਨਾ ਜਾਂ ਸਿਰੇ ਦੀ ਮੂਰਖਤਾ ਹੈ ਜਾਂ ਸਿਰੇ ਦੀ ਮੌਕਾਪ੍ਰਸਤੀ। ਜਦੋਂ ਹੀ ਪੰਜਾਬ ਦੀ ਪੇਂਡੂ ਜਨਤਾਂ ਦੀਆਂ ਕਾਂਗਰਸੀ ਸਰਕਾਰ ਵਿਰੋਧੀ ਭਾਵਨਾਵਾਂ ਤੇ ਬੇਚੈਨੀ ਦਾ ਲਾਹਾ ਖੱਟਦਿਆਂ ਅਕਾਲੀ ਆਗੂ ਵੱਡੀ ਪੱਧਰ ਤੇ ਲੋਕਾਂ ਨੂੰ ਆਪਣੀ ਐਜੀਟੇਸ਼ਨ ਦੇ ਘੋਰੇ ਵਿੱਚ ਖਿੱਚਣ ਵਿਚ ਸਫਲ ਹੋ ਗਏ ਤਾਂ ਵਿਰੋਧੀ ਪਾਰਟੀਆਂ ਦੇ ਮਨਾਂ ਅੰਦਰ ਇਹ ਡਰ ਘਰ ਕਰਨ ਲਗਿਆ ਕਿ ਅਕਾਲੀ ਆਗੂਆਂ ਤੇ ਅਕਾਲੀ ਮੋਰਚੇ ਦਾ ਵਿਰੋਧ ਕਰਨ ਦਾ ਮਤਲਬ ਆਉਂਦੀਆਂ ਚੋਣਾਂ ਵਿਚ ਅਸੰਬਲੀ ਸੀਟਾਂ ਤੋਂ ਹੱਥ ਧੋਣਾ ਹੈ। ਵਿਰੋਧੀ ਪਾਰਟੀਆਂ ਨੇ, ਇਹ ਦੇਖਕੇ ਪੰਜਾਬ ਦੀ ਸਿਆਸਤ ਵਿਚ ਕੋਈ ਗਿਣਨਯੋਗ ਸਿਆਸੀ ਧਿਰ ਬਣਨ ਲਈ ਅਕਾਲੀ ਦਲ ਨਾਲ ਰਲ ਕੇ ਚਲੇਣਾ ਜ਼ਰੂਰੀ ਹੈ, ਹੌਲੀ ਹੌਲੀ ਅਕਾਲੀ ਦਲ ਦੇ ਨੇੜੇ ਖਿਸਕਣਾ ਸ਼ੁਰੂ ਕਰ ਦਿਤਾ ਹੈ। ਅੱਜ ਹਾਲਤ ਇਹ ਹੈ ਕਿ ਜਨਤਾ ਪਾਰਟੀ, ਭਾਰਤੀ ਜਨਤਾ ਪਾਰਟੀ, ਸੀ. ਪੀ. ਆਈ ਤੇ ਮਾਰਕਸੀ ਪਾਰਟੀ ਵਰਗੀਆਂ ਮੁੱਖ ਵਿਰੋਧੀ ਪਾਰਟੀਆਂ, ਉਨੀ-ਇੱਕੀ ਦੇ ਫਰਕ ਨਾਲ ਲਗਭਗ ਅਕਾਲੀ ਆਗੂਆਂ ਦੀ ਹਿਮਾਇਤ ਉਤੇ ਆ ਖੜੀਆਂ ਹਨ। ਇਹ ਸਾਰੀਆਂ ਪਾਰਟੀਆਂ ਪੰਜਾਬ ਵਿਚ ਪੈਦਾ ਹੋਈ ਹਾਲਤ ਦੀ ਜ਼ੁਮੇਂਵਾਰੀ ਸਿਰਫ ਕੇਂਦਰੀ ਹਕੂਮਤ ਸਿਰ ਸਿੱਟ ਕੇ ਅਕਾਲੀ ਆਗੂਆਂ ਨੂੰ ਸਾਫ ਤੌਰ 'ਤੇ ਬਰੀ ਕਰ ਰਹੀਆਂ ਹਨ। ਕੇਂਦਰੀ ਇੰਦਰਾ ਹਕੂਮਤ ਅਤੇ ਅਕਾਲੀ ਆਗੂਆਂ

ਵਿਚਕਾਰ ਚਲ ਰਹੀ ਇਸ ਗੰਦੀ ਸਿਆਸੀ ਖੇਡ ਵਿਚ ਰੈਫਰੀ ਦਾ ਰੋਲ ਸੰਭਾਲਣ ਲਈ, ਇਹਨਾਂ ਪਾਰਟੀਆਂ ਦੇ ਆਗੂ ਅੱਜ ਕੱਲ ਇਕ ਦੂਜੇ ਨਾਲੋਂ ਮੂਹਰੇ ਹੋ ਹੋ ਡਿੱਗ ਰਹੇ ਹਨ। ਪੰਜਾਬ ਦੇ ਫਿਰਕੂ ਅਮਨ ਵੱਲ, ਪੰਜਾਬ ਦੀਆਂ ਘਟ-ਗਿਣਤੀਆਂ ਦੀ ਦੁਰਦਸ਼ਾ ਵੱਲ ਪਿੱਠ ਕਰੀ ਖੜੇ ਇਹਨਾਂ ਪਾਰਟੀਆਂ ਦੇ ਆਗੂਆਂ ਦਾ, ਪੰਜਾਬ ਦੇ ਮਸਲੇ ਦਾ ਛੇਤੀ ਕੋਈ ਹੱਲ ਲੱਭਣ ਦੇ ਨਾਉਂ ਹੇਠ, ਅਕਾਲੀ ਆਗੂਆਂ ਦੀ ਮਿਹਰ ਖੱਟਣ ਦੇ ਮਨਸ਼ੇ ਨਾਲ, ਹਰਮੰਦਰ ਸਾਹਿਬ ਦੀ ਪਰਕਰਮਾ ਕਰਨ ਲਈ, ਅੱਜ ਕੱਲ ਤਾਂਤਾ ਬੱਝਿਆ ਹੋਇਆ ਹੈ।

ਪੰਜਾਬ ਦੀਆਂ ਗੈਰ-ਸਿੱਖ ਘੱਟ ਗਿਣਤੀਆਂ ਆਪਣੀ ਜਾਨ-ਮਾਲ ਦੀ ਰਾਖੀ ਲਈ ਤੇ ਆਪਣੀਆਂ ਧਾਰਮਕ ਅਜ਼ਾਦੀਆਂ ਦੀ ਰਾਖੀ ਲਈ ਨਾ ਹੀ ਕਾਂਗਰਸੀ ਹਕੂਮਤ ਤੇ ਟੇਕ ਰੱਖ ਸਕਦੀਆਂ ਹਨ ਅਤੇ ਨਾਂ ਹੀ ਮੌਕਾਪ੍ਰਸਤ ਵਿਰੋਧੀ ਪਾਰਟੀਆਂ ਤੋਂ ਉਹਨਾਂ ਨੂੰ ਕਿਸੇ ਹਮਾਇਤ ਦੀ ਆਸ ਰੱਖਣੀ ਚਾਹੀਦੀ ਹੈ। ਜਿਹੋ ਜਿਹੀ ਬੇਬਸੀ ਤੇ ਅਨਿਸਚਿਤਤਾ ਦੀ ਹਾਲਤ ਵਿਚੋਂ ਇਹ ਘੱਟ ਗਿਣਤੀਆਂ ਗੁਜ਼ਰ ਰਹੀਆਂ ਹਨ। ਇਹ ਹਾਲਤ ਹਿੰਦੂ ਫਿਰਕਾਪ੍ਰਸਤ 'ਤੇ ਜਨੂੰਨੀ ਅਨਸਰਾਂ ਦੇ ਵਧਣ-ਫੁਲਣ ਤੇ ਜ਼ੋਰ ਫੜਨ ਲਈ ਜ਼ਰਖੇਜ਼ ਭੋਇੰ ਮੁਹੱਈਆ ਕਰਦੀ ਹੈ। ਅਜਿਹੀਆਂ ਤਾਕਤਾਂ ਦੇ ਲੜ ਲਗਣ ਦਾ ਅਰਥ ਇਕ ਖਤਰੇ ਤੋਂ ਡਰ ਕੇ, ਦੂਜੇ ਖਤਰੇ ਦੇ ਮੂੰਹ ਜਾ ਡਿੱਗਣਾ ਹੈ। ਆਪਣੇ ਬਚਾ ਲਈ ਕਿਸੇ ਹਿੰਦੂ ਫਿਰਕਾਪ੍ਰਸਤ ਤੇ ਜਨੂੰਨੀ ਦੀ ਤਾਕਤ ਦਾ ਆਸਰਾ ਲੈਣ ਦਾ ਮਤਲਬ, ਪੰਜਾਬ ਦੀ ਫਿਰਕੂ ਸਮੱਸਿਆ ਨੂੰ ਸੁਲਝਾਉਣ ਦੀ ਮਨਸ਼ਾ ਤੋਂ ਤੁਰ ਕੇ, ਇਸਨੂੰ ਹੋਰ ਉਲਝਾਉਣ ਤੇ ਪੰਜਾਬ ਦੇ ਫਿਰਕੂ ਅਮਨ ਨੂੰ ਨਵੇਂ ਖਤਰਿਆਂ ਦੇ ਮੂੰਹ ਧੱਕਣ ਵਿਚ ਭਾਗੀ ਹੋਣਾ ਹੈ। ਪੰਜਾਬ ਦੇ ਜਿਹੜੇ ਹਿੰਦੂ ਅਖਬਾਰ ਸਿੱਖ ਜਨੂੰਨੀਆਂ ਦੀ ਕਰੋਪੀ ਦਾ ਸ਼ਿਕਾਰ ਹੋ ਰਹੇ ਹਨ, ਉਹਨਾਂ ਦੀ ਲਿਖਣ ਬੋਲਣ ਦੀ ਅਜ਼ਾਦੀ ਦੀ ਡਟਵੀਂ ਹਮਾਇਤ ਕਰਦਿਆਂ, ਸਿੱਖ ਜਨੂੰਨੀਆਂ ਦੀ ਇਸ ਧੱਕੜਸ਼ਾਹੀ ਦਾ ਡਟਵਾਂ ਵਿਰੋਧ ਕਰਦਿਆਂ, ਪੰਜਾਬ ਦੇ ਇਨਸਾਫ ਤੇ ਜਮਹੂਰੀਅਤ ਪਸੰਦ ਹਿੰਦੂਆਂ ਤੇ ਹੋਰ ਜਮਹੂਰੀ ਸ਼ਕਤੀਆਂ ਨੂੰ ਇਹ ਗੱਲ ਨਹੀਂ ਭੁਲਣੀ ਚਾਹੀਦੀ ਕਿ ਪੰਜਾਬ ਵਿਚ ਫਿਰਕਾਪ੍ਰਸਤੀ ਦੀ ਵਬਾ ਫੈਲਾਉਣ ਲਈ ਇਹ ਅਖਬਾਰ ਖੁਦ ਵੀ ਜੁਮੇਵਾਰ ਹਨ (ਭਾਵੇਂ ਪੰਜਾਬ ਦੀ ਮੌਜੂਦਾ ਹਾਲਤ ਪੈਦਾ ਕਰਨ ਵਿਚ ਮੁੱਖ ਜੁਮੇਵਾਰ, ਜਨੂੰਨੀ ਸਿੱਖ, ਅਕਾਲੀ ਆਗੂ ਤੇ ਕਾਂਗਰਸ ਸਰਕਾਰ ਹੈ।) ਖਾਲਸਤਾਨੀ ਫਾਸ਼ੀ ਗਰੋਹਾਂ ਤੇ ਹੋਰ ਸਿੱਖ ਜਨੂੰਨੀਆਂ ਦਾ ਮੁਕਾਬਲਾ ਕਰਨ ਦਾ ਇਕੋ ਇਕ ਰਾਹ ਜਮਹੂਰੀ ਪੈਂਤੜੇ ਤੋਂ ਉਹਨਾਂ ਦਾ ਵਿਰੋਧ ਕਰਨ ਦਾ ਰਾਹ। ਇਸੇ ਰਾਹ ਤੇ ਚਲਕੇ ਹੀ ਸਿੱਖਾਂ ਵਿਚਲੇ ਜਨੂੰਨੀ ਤੇ ਖਾਲਸਤਾਨੀ ਅਨਸਰਾਂ ਨੂੰ ਸਾਧਾਰਨ ਸਿੱਖ ਜਨਤਾ ਤੋਂ ਨਿਖੇੜ ਕੇ ਕਮਜ਼ੋਰ ਕੀਤਾ ਜਾ ਸਕਦਾ ਹੈ। ਪੰਜਾਬ ਦੀਆਂ ਘੱਟ ਗਿਣਤੀਆ ਦੀ ਰਾਖੀ ਲਈ ਸਭ ਤੋਂ ਭਰੋਸੇਯੋਗ ਤਾਕਤ ਉਹਨਾਂ ਦੀ ਆਪਣੀ ਜਥੇਬੰਦ ਤਾਕਤ ਹੀ ਬਣਨੀ ਹੈ। ਭਾਵੇਂ ਅੱਜ ਉਹ ਕਮਜ਼ੋਰ ਹੋਨ, ਗੈਰ-ਜਥੇਬੰਦ ਹਨ ਪਰ ਆਪਣੀ ਰਾਖੀ ਆਪ ਕਰਨ, ਹਰ ਸੰਭਵ ਤਰੀਕਾ ਵਰਤਕੇ ਕਰਨ ਤੋਂ ਬਿਨਾਂ ਉਹਨਾਂ ਕੋਲ ਕੋਈ ਰਾਹ ਨਹੀਂ, ਇਸ ਰਾਹ ਉਹ ਅੱਜ ਪੈ ਜਾਣ ਜਾਂ ਕਦੇ ਫੇਰ, ਪੈਣਾ ਇਸੇ ਰਾਹ ਹੀ ਪੈਣਾ ਹੈ।

ਮੰਦੇ ਭਾਗਾਂ ਨੂੰ, ਇਹਨਾਂ ਘੱਟ ਗਿਣਤੀਆਂ ਦੀਆਂ ਭਰੋਸੇਯੋਗ ਤੇ ਹਕੀਕੀ ਰੂਪ ਵਿਚ ਹਮਾਇਤ ਕਰਨ ਵਾਲੀਆਂ ਤਾਕਤਾ ਪੰਜਾਬ ਦੀਆਂ ਕਮਿ: ਇਨ: ਸ਼ਕਤੀਆਂ ਅਤੇ ਜਮਹੂਰੀ ਸ਼ਕਤੀਆਂ—ਅੱਜ ਖੁਦ ਸੰਕਟ ਤੇ ਕਮਜ਼ੋਰੀ ਦੀ ਹਾਲਤ ਵਿਚੋਂ ਲੰਘ ਰਹੀਆਂ ਹਨ। ਪਰ ਬਾਵਜੂਦ ਇਸਦੇ ਏਹੋ ਤਾਕਤਾਂ ਹਨ ਜਿਹਨਾਂ ਦੇ ਮਨ ਵਿਚ, ਖਾਲਸਤਾਨੀ ਫਾਸ਼ੀ ਗਰੋਹਾਂ ਤੇ ਹੋਰ ਸਿੱਖ ਜਨੂੰਨੀਆਂ ਦੇ ਜਾਬਰ ਵਾਰਾਂ ਦਾ ਸ਼ਿਕਾਰ ਹੋ ਰਹੇ ਲੋਕਾਂ ਵਾਸਤੇ ਡੂੰਘਾ ਦਰਦ ਮਚਲ ਰਿਹਾ ਹੈ ਅਤੇ ਸੰਭਵ ਢੰਗਾਂ ਰਾਹੀਂ ਇਹਨਾਂ ਦੀ ਹਮਾਇਤ ਕਰਨ ਲਈ ਅਹੁਲ ਰਹੀਆਂ ਹਨ।

---

## ਸੁਣੋ ! ਹਵਾ ਕੀ ਕਹਿ ਰਹੀ ਹੈ

**—ਧਰਮ ਕੰਮੇਆਣਾ**

ਗ਼ਦਾਰ ਵਿਅਕਤੀ ਹੁੰਦਾ ਹੈ, ਕੌਮ ਨਹੀਂ,
ਗੰਗੂ ਦੀ ਗ਼ਦਾਰੀ ਹਿੰਦੂਆਂ ਸਿਰ ਨਾ ਮੜ੍ਹੋ
ਚੰਦਰ ਸ਼ੇਖਰ, ਰਾਜਗੁਰੂ, ਸੁਖਦੇਵ ਕੌਣ ਸਨ ?
ਉਹਨਾਂ ਹਿੰਦੂਆਂ ਦੇ ਜਾਇਆਂ ਦਾ ਵੀ ਚਰਚਾ ਕਰੋ।

ਗੋਬਿੰਦ ਸਿੰਘ ਨੇ ਸਾਜੀ ਸੀ ਜੋ ਸੂਰਿਆਂ ਦੀ ਕੌਮ,
ਉਹਦੇ 'ਚ ਵੀ ਨੇ ਹੋਏ ਪਹਾੜਾ ਸਿੰਘ ਜਿਹੇ ਗ਼ਦਾਰ
ਤੇ ਔਰੰਗੇ ਦੀਆਂ ਵਧੀਕੀਆਂ ਮੜ੍ਹੋ ਨਾ ਮੁਸਲਮਾਨਾਂ ਸਿਰ,
ਉਹ ਤਾਂ ਸਨ ਇਕ ਬਾਦਸ਼ਾਹ ਦੇ ਅੱਤਿਆਚਾਰ।

ਨਾ ਕੋਈ ਹਿੰਦੂ ਹੈ ਨਾ ਮੁਸਲਮਾਨ ਹੈ
ਸਿੱਖ ਈਸਾਈ ਸਭ ਦਾ ਇਕੋ ਈਮਾਨ ਹੈ
ਇਨਸਾਨੀਅਤ ਕਤਲ ਨਾ ਕਰੋ ਵੇ ਮਜ਼੍ਹਬਾਂ ਵਾਲਿਓ !
ਇਨਸਾਨ ਜੇ ਕੁੱਝ ਹੈ ਤਾਂ ਬਸ ਇਨਸਾਨ ਹੈ।

ਜੋ ਖੁਦਗਰਜ਼ੀਆਂ ਦੇ ਭਰੇ ਹੋਏ ਨੇ,
ਉਹ ਮਨੁੱਖਾਂ 'ਚ ਪਾਉਂਦੇ ਨੇ ਮਜ਼੍ਹਬਾਂ ਦੇ ਪਾੜੇ
ਕਿਉਂਕਿ ਕੂੜ ਦੇ ਪੁੱਤਾਂ ਨੂੰ ਹੋ ਜਾਊਗਾ ਖ਼ਤਰਾ,
ਲੋਕ ਇਕ ਥਾਂ 'ਕੱਠੇ ਹੋ ਗਏ ਜੇ ਸਾਰੇ।

ਉੱਠੋ ! ਮਜ਼੍ਹਬਾਂ ਤੋਂ ਉੱਚੇ ਉੱਠੋ !!
ਸਮਝੋ ! ਸਮਝੋ !! ਦਰਿੰਦਿਆਂ ਦੀ ਚਾਲ
ਸੁਣੋ ! ਹਵਾ ਕੀ ਕਹਿ ਰਹੀ ਹੈ ਲੋਕੋ !!
ਮੇਲੋ ਕਦਮ ਇਹਦੇ ਕਦਮਾਂ ਦੇ ਨਾਲ।

—ਸਮਤਾ ਦੇ ਅਗਸਤ ਅੰਕ ਵਿਚ ਦਿਤਾ ਅਮਿੰਦਰ ਪਾਲ ਸਿੰਘ ਦਾ ਲੇਖ "ਅਜੋਕੇ ਪੰਜਾਬ ਦੇ ਖੇਤ ਮਜ਼ਦੂਰ ਮਸਲੇ—ਘੋਲ ਅਤੇ ਸਿਆਸੀ ਵਿਚਾਰਧਾਰਾਵਾਂ" ਕਾਫੀ ਗੰਭੀਰ ਸੋਚ ਵਿਚਾਰ ਦੀ ਮੰਗ ਕਰਦਾ ਹੈ। ਭਾਵੇਂ ਇਸ ਲੇਖ ਵਿਚ ਕਾਫੀ ਮਹੱਤਵਪੂਰਨ ਨੁਕਤੇ ਉਠਾਏ ਨੇ ਪਰ ਲੇਖਕ ਨੇ ਸਿੱਟੇ ਕੱਢ ਕੇ ਸੇਧ ਦੇਣ ਵਿਚ ਅਸਮਰਥਾ ਪ੍ਰਗਟ ਕੀਤੀ ਹੈ।

ਪਰਵਾਸੀ ਮਜ਼ਦੂਰ—ਬਾਹਰੋਂ ਆਏ ਪਰਵਾਸੀ ਮਜ਼ਦੂਰ ਜਿਹੜੇ ਕਿ ਸਥਾਨਕ ਮਜ਼ਦੂਰਾਂ ਨਾਲੋਂ ਸਸਤੀ ਮਜ਼ਦੂਰੀ ਤੇ ਕੰਮ ਕਰਦੇ ਹਨ ਅਤੇ ਕੰਮ ਦੀ ਖਾਤਰ ਆਪਸੀ ਮੁਕਾਬਲੇਬਾਜ਼ੀ ਕਾਰਨ ਸਥਾਨਕ ਮਜ਼ਦੂਰਾਂ ਨਾਲੋਂ ਇਕੋ ਜਮਾਤ ਦੇ ਹੁੰਦਿਆਂ ਵੀ ਪਾਟ ਜਾਂਦੇ ਹਨ। ਸਾਡੇ ਸਾਹਮਣੇ ਇਹ ਨੁਕਤਾ ਹੈ ਕਿ ਇਹ ਪਾੜਾ ਕਿਵੇਂ ਘਟਾਇਆ ਜਾਵੇ ਕਿਉਂਕਿ ਪੇਂਡੂ ਧਨੀ ਕਿਸਾਨੀ ਤਾਂ ਇਸ ਪਾੜੇ ਨੂੰ ਵੱਧ ਤੋਂ ਵੱਧ ਵਧਾਉਣਾ ਚਾਹੁੰਦੀ ਹੈ। ਇਨ੍ਹਾਂ ਪਰਵਾਸੀ ਮਜ਼ਦੂਰਾਂ ਦੀ ਲੁਟ ਭਾਵੇਂ ਸਥਾਨਕ ਮਜ਼ਦੂਰਾਂ ਨਾਲੋਂ ਜ਼ਿਆਦਾ ਹੀ ਹੁੰਦੀ ਹੈ। ਉਹ ਇਸ ਗੱਲੋਂ ਚੇਤੰਨ ਹੋਣ ਦੇ ਬਾਵਜੂਦ ਵੀ ਕੋਈ ਜਥੇਬੰਦਕ ਹੰਭਲਾ ਮਾਰਨ ਤੋਂ ਅਸਮਰਥ ਹਨ। ਉਨ੍ਹਾਂ ਵਿਚੋਂ ਇਕ ਕਾਰਨ ਇਹ ਵੀ ਹੈ ਕਿ ਉਹ ਅੱਗੋ ਬਿਹਾਰੀਏ, ਰਾਜਸਥਾਨੀਏ ਅਤੇ ਯੂ.ਪੀ. ਦੇ 'ਭਈਏ' ਹੁੰਦੇ ਹਨ। ਰਹਿੰਦੀ ਕਸਰ ਅਸਥਾਈ ਅਤੇ ਖਿੰਡਵਾ ਕੰਮ ਮਿਲਣਾ ਹੈ। ਇਨ੍ਹਾਂ ਮਜ਼ਦੂਰਾਂ ਤੇ ਚੋਰੀ ਦਾ ਕੇਸ ਪੈਣ ਉਤੇ, ਜਬਰੀ ਕੰਮ ਕਰਾਉਣ ਉਤੇ ਸਥਾਨਕ ਮਜ਼ਦੂਰ ਖੁਸ਼ ਹੁੰਦੇ ਹਨ। ਇਹ ਵਧਦਾ ਪਾੜਾ ਧਨੀ ਕਿਸਾਨੀ ਲਈ ਵਰਦਾਨ ਅਤੇ ਦੋਨਾਂ ਮਜ਼ਦੂਰਾਂ ਲਈ ਅਤਿਅੰਤ ਨੁਕਸਾਨਦੇਹ ਹੈ। ਇਸ ਫਰਕ ਨੂੰ ਮੇਟਣ ਲਈ ਇਕੋ ਇਕ ਹੱਲ ਸਭ ਤਰ੍ਹਾਂ ਦੇ ਮਜ਼ਦੂਰਾਂ ਨੂੰ ਜਮਾਤੀ ਸੂਝ ਨਾਲ ਪ੍ਰਚੰਡ ਕਰਨਾ ਹੀ ਬਣਦਾ ਹੈ। ਭਾਵੇਂ ਮਜ਼ਦੂਰਾਂ ਨੂੰ ਇਕੱਠੇ ਕਰਨ ਦਾ ਅਮਲੀ ਕੰਮ ਬਹੁਤ ਮੁਸ਼ਕਲ ਹੈ। ਪਰੰਤੂ ਇਸ ਤੋਂ ਛੁਟ ਕੋਈ ਹੋਰ ਚਾਰਾ ਵੀ ਤਾਂ ਨਹੀਂ ਹੈ। ਜਦੋਂ ਏਕੇ ਲਈ ਅਸੀਂ ਅਮਲ ਸ਼ੁਰੂ ਕਰਾਂਗੇ ਤਾਂ ਸੋਚੀਆਂ ਵਿਚਾਰੀਆਂ ਮੁਸ਼ਕਲਾਂ ਤੋਂ ਵੀ ਵੱਡੀਆਂ ਮੁਸ਼ਕਲਾਂ ਸਾਹਮਣੇ ਆਉਣਗੀਆਂ ਪਰੰਤੂ ਕੋਈ ਮੁਸ਼ਕਲ ਅਜਿਹੀ ਨਹੀਂ ਹੁੰਦੀ ਜਿਸਦਾ ਹੱਲ ਨਾ ਨਿਕਲ ਸਕੇ।

**ਬਲਾਤਕਾਰ :** ਬੁਰਜੂਆ ਕਾਨੂੰਨ ਬਲਾਤਕਾਰ ਦੀ ਜਿਸ ਤਰ੍ਹਾਂ ਪ੍ਰੀਭਾਸ਼ਾ ਦਿੰਦੇ ਹਨ, ਇਸ ਤਰ੍ਹਾਂ ਦੇ ਬਲਾਤਕਾਰ ਪੇਂਡੂ ਖੇਤ ਮਜ਼ਦੂਰਾਂ ਦੀਆਂ ਧੀਆਂ ਭੈਣਾਂ ਨਾਲ ਘੱਟ ਹੀ ਹੁੰਦੇ ਹਨ। ਸਗੋਂ ਖੇਤ ਮਜ਼ਦੂਰ ਆਰਥਿਕ ਅਤੇ ਸਰੀਰਕ ਗੁਲਾਮੀ ਦੇ ਨਾਲ ਮਾਨਸਿਕ ਗੁਲਾਮੀ ਵੀ ਹੰਢਾਉਂਦੇ ਹਨ। ਪੇਂਡੂ ਖੇਤ ਮਜ਼ਦੂਰਾਂ ਦੀਆਂ ਧੀਆਂ ਭੈਣਾਂ ਕੱਚੀ ਉਮਰੇ ਭਾਵ 12/14 ਸਾਲ ਦੀ ਉਮਰੋ ਹੀ ਖੇਤਾਂ ਵਿਚ ਕੰਮ ਤੇ ਜਾਣ ਲੱਗ ਪੈਂਦੀਆਂ ਹਨ। ਜਿਵੇਂ ਘਾਹ ਪੱਠਾ ਲਿਆਉਣਾ, ਸਾਗ ਸਬਜ਼ੀ ਲਿਆਉਣਾ, ਸਬਜ਼ੀ ਤੁੜਾਣੀ, ਨਰਮਾ ਚੁਗਣਾ, ਸਿੱਟੇ ਚੁਗਣੇ ਆਦਿ। ਅੱਜ ਕੱਲ ਦੇ ਰੁਝਾਨ ਮੁਤਾਬਿਕ ਕਿਸਾਨਾਂ ਦੀਆਂ ਔਰਤਾਂ ਨਾਲ ਘੱਟ ਹੀ ਹੁੰਦੀਆਂ ਹਨ ਜਾਂ ਜਦੋਂ ਨਹੀਂ ਹੁੰਦੀਆਂ ਇਸ ਸਥਿਤੀ ਵਿਚ ਕੇਵਲ ਪੇਂਡੂ ਧਨੀ ਕਿਸਾਨੀ ਦੇ ਮੁੰਡੇ ਹੀ ਨਹੀਂ ਸਗੋਂ ਦਰਮਿਆਨੀ ਕਿਸਾਨੀ ਦੇ ਮੁੰਡੇ ਵੀ ਆਰਥਿਕ ਲਾਲਚ ਦੇ ਕੇ ਉਨ੍ਹਾਂ ਨੂੰ ਮਾਨਸਿਕ ਤੌਰ ਤੇ ਤਿਆਰ ਕਰਕੇ ਸਰੀਰਕ ਲੁਟ ਕਰਦੇ ਹਨ। ਇਹ ਆਰਥਿਕ ਲਾਭ ਬੜਾ ਥੋੜ੍ਹਾ ਅਤੇ ਤਤਕਾਲੀ ਹੁੰਦਾ ਹੈ ਜਿਵੇਂ ਕੰਮ ਦਾ ਬੋਝ ਘੱਟ ਕਰਨਾ, ਘਰੇ ਲਿਜਾਂਣ ਵਾਸਤੇ ਚੀਜ਼ਾਂ ਮੁਫਤ ਦੇਣੀਆਂ ਜਿਵੇਂ ਸਾਗ, ਬਾਲਣ ਅਤੇ ਪੱਠੇ ਆਦਿ, ਕੰਮ ਵਿਚ ਨੁਕਸ ਨਹੀਂ ਨਿਕਲਦੇ (ਮਾਨਸਿਕ ਸਨਮਾਨ) ਮਿਲਦਾ ਹੈ। ਸਾਡੇ ਪੇਂਡੂ ਖੇਤ ਮਜ਼ਦੂਰਾਂ ਦੀਆਂ ਧੀਆਂ ਭੈਣਾਂ ਦਾ ਇਹ ਵੀ ਦੁਖਾਂਤ ਹੈ ਕਿ ਉਨ੍ਹਾਂ ਨੂੰ ਮੱਧ ਵਰਗੀ ਵਾਲੇ ਮਨੋਰੰਜਨ ਦੇ ਸਾਧਨ ਜਿਵੇਂ ਰੇਡੀਓ, ਟੇਪ ਰਿਕਾਰਡ, ਕਦੀ ਕਦੀ ਸਿਨਮਾ ਅਤੇ ਸ਼ਹਿਰ ਪਹੁੰਚ ਤੋਂ ਬਾਹਰ ਹੋਣ ਕਰਕੇ ਮਨੋਰੰਜਨ ਦਾ ਪੱਖ ਵੀ ਸਰੀਰਕ ਲੁਟ ਲਈ ਰਜ਼ਾਮੰਦੀ ਦਾ ਰਾਹ ਪੱਧਰਾ ਕਰਦਾ ਹੈ। ਜੇ ਕੋਈ ਬਲਾਤਕਾਰ ਦਾ ਕੇਸ ਹੋ ਵੀ ਜਾਵੇ ਤਾਂ ਇਹ ਜ਼ਿਆਦਾਤਰ ਧਨੀ ਕਿਸਾਨੀ ਦੇ ਅੜਬ ਮੁੰਡੇ ਕਰਦੇ ਹਨ ਜਿਨ੍ਹਾਂ ਨੂੰ ਅੰਦਰੋ ਅੰਦਰੀ ਸਾਡੀਆਂ ਧੀਆਂ ਭੈਣਾਂ ਸਖਤ ਨਫਰਤ ਕਰਦੀਆਂ ਹਨ। ਪਰ ਅਜੇਹੀਆਂ ਵਾਰਦਾਤਾਂ ਦੀ ਗੱਲ ਘਰਦਿਆਂ ਤੱਕ ਕੁੜੀ ਘੱਟ ਪਹੁੰਚਾਂਦੀ ਹੈ। ਜੇ ਪਹੁੰਚਾ ਵੀ ਦੇਵੇ ਤਾਂ ਸਮਾਜਕ ਆਰਥਿਕ ਕਾਰਨਾਂ ਕਰਕੇ ਮਾਂ-ਪਿਓ ਗੱਲ ਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕਰਦੇ ਹਨ ਜਾਂ ਵੱਧ ਤੋਂ ਵੱਧ ਅੰਦਰਖਾਤੇ ਮੁੰਡੇ ਨੂੰ ਸਮਝਾ ਦਿਤਾ ਜਾਂਦਾ ਹੈ। ਜੇ ਕੋਈ ਤੀਸਰਾ ਆਦਮੀ ਇਹ ਗੱਲ ਚੁਕਦਾ ਹੈ ਤਾਂ ਦੋਹਾਂ ਧਿਰਾਂ ਦੀ ਦੁਸ਼ਮਣੀ ਮੁਲ ਲੈਣ ਦੇ ਨਾਲ ਨਾਲ ਆਮ ਕਰ ਕੇ ਕੁੜੀ ਦੇ ਵਾਰਿਸ ਕਹਿੰਦੇ ਹਨ ਕੇ "ਸਾਡੀ ਕੁੜੀ ਦੀਆਂ ਗੱਲਾਂ ਬਣਾਉਂਦਾ ਹੈ। ਜਥੇਬੰਦੀਆਂ ਤੱਕ ਗੱਲ ਪਹੁੰਚਣਾ ਦੂਰ ਦੀ ਗੱਲ ਹੈ"। ਇਸ ਮਸਲੇ ਸਬੰਧੀ ਜਥੇਬੰਦੀ ਦੀ ਪਹੁੰਚ ਅਕੇਹੀ ਹੋਣੀ ਚਾਹੀਦੀ ਹੈ ? ਕਿਉਂਕਿ ਇਥੇ ਮਾਪਿਆਂ ਦੀ ਇਜ਼ਤ ਮੂਹਰੇ ਆ ਖੜਦੀ ਹੈ। ਬਲਾਤਕਾਰ ਦਾ ਸ਼ਿਕਾਰ ਕੁੜੀ ਨੂੰ ਕੋਈ ਹੀਰੋ ਵੀ ਪਰਨਾਉਣ ਲਈ ਨਹੀਂ ਨਿਤਰਦਾ। ਕੁੜੀ ਦੇ ਪਿਓ ਭਰਾਵਾਂ ਤੋਂ ਇਲਾਵਾ ਦੂਜੇ ਸਿੱਧੇ ਹਮਲੇ ਨੂੰ ਗਲਤ ਸਮਝਦੇ ਹਨ। ਦੂਸਰੇ ਪਾਸੇ ਜੇ ਕਿਸੇ ਨੂੰ ਪਤਾ ਨਾ ਲੱਗੇ ਤਾਂ ਕੁੜੀ ਦੇ ਮਾਪੇ ਬਲਾਤਕਾਰ ਨੂੰ ਖਾਸ ਗੱਲ ਨਹੀਂ ਸਮਝਦੇ। ਇਹ ਸਭ

Post Office No. P/AR—133
Registered with the Registrar, News-Papers, Vide No. MA/12397-D dated 14-8-80

ਕੁੱਝ ਲੰਮੇ ਸਮੇਂ ਦੇ ਮਾਨਸਿਕ ਦਬਾਅ ਅਧੀਨ ਹੁੰਦਾ ਹੈ।

ਸੋ ਸਾਨੂੰ ਸਭ ਨੂੰ ਪੇਂਡੂ ਖੇਤ ਮਜ਼ਦੂਰਾਂ ਦੇ ਮਸਲੇ ਅਤੇ ਜਥੇਬੰਦ ਕਰਨ ਦੀ ਸਮੱਸਿਆ ਨੂੰ ਵਿਚਾਰਨਾ ਗੰਭੀਰ ਕਾਰਜ ਬਣਦਾ ਹੈ ਕਿਉਂਕਿ ਸਨਅਤੀ ਪ੍ਰੋਲੇਤਾਰੀਏ ਤੋਂ ਬਾਅਦ ਇਨਕਲਾਬ ਦਾ ਸੱਚਾ ਸਾਥੀ ਪੇਂਡੂ ਖੇਤ ਮਜ਼ਦੂਰ ਜਾਂ ਪੇਂਡੂ ਪ੍ਰੋਲੇਤਾਰੀਏ ਨੇ ਹੀ ਬਣਨਾ ਹੈ।

ਬਾਕੀ ਲੇਖਕ ਦੀ ਲਿਖਤ ਛੋਟੀ ਤੇ ਹਵਾਲੇ ਜ਼ਿਆਦਾ ਸਨ। ਕੁਝ ਹਵਾਲੇ ਫਜ਼ੂਲ ਲੱਗੇ ਜਿਵੇਂ ਅਣਛਪੀਆਂ ਕਿਤਾਬਾਂ ਅਤੇ ਅਖ਼ਬਾਰਾਂ ਦੇ। ਪਤਾ ਨਹੀਂ ਮੈਂ ਠੀਕ ਹਾਂ ਜਾਂ ਲੇਖਕ।

ਰਾਜਿੰਦਰ ਬਰਾੜ

---

## ਗੋਬਿੰਦ ਨੂੰ ਖ਼ਤ

ੳ

ਸਾਥੀ ਅਵਤਾਰ ਨੌਰਵੇ,

ੳ

ਇਥੇ ਹੋਰ ਫੇਰ ਸਭ, ਗੋਬਿੰਦ ਨੂੰ ਘੁਮਾ ਗਏ,
ਸਣੇ ਮੁਜ਼ਲੂਮ ਲੋਕਾਂ, ਧਰਤੀ ਅੱਗ ਲਾ ਗਏ।

ਤੇਰੀ ਪਵਿੱਤਰ ਗੱਦੀ, ਜ਼ੁਲਮਾਂ ਦੇ ਭੇਟ ਚੜ੍ਹੀ,
ਸੂਬੇ ਤੇਰੇ ਬਾਣੇ ਵਿਚ, ਧਾਵਾ ਬੋਲ ਆ ਗਏ।

ਸਰੋਵਰ ਦਾ ਅਮ੍ਰਿਤ, ਠੱਗਾਂ ਗੰਧਲਾਇਆ ਹੈ,
ਅੱਸੇ ਦੀ ਤਲਵਾਰ ਦੀ, ਹਰ ਵਾਰ ਚਲਾ ਗਏ।
ਰੰਗੜਾਂ ਦੇ ਡੇਰੇ ਲੱਗੇ, ਤੇਰੀਆਂ ਵਿਸਾਖੀਆਂ ਤੇ,
ਪਵਿੱਤਰ ਸਥਾਨਾਂ 'ਚ, ਭ੍ਰਿਸ਼ਟ ਨੂੰ ਫੈਲਾ ਗਏ।

ਜੋ ਦਰ ਲੋਟ ਲੋਹੇ, ਸੂਬੇਦਿਆਂ ਸਿੱਕਿਆਂ ਨੂੰ,
ਸੱਜਣਾਂ ਦੇ ਠੱਗ ਹੋਗੇ, ਲਾਲਚਾਂ 'ਚ ਬੁੱਤਾ ਗਏ।

ਹਰ ਚਿੱਟੇ ਦਿਨ ਉਤੇ, ਕਾਲੀ ਰਾਤ ਛਾਈ ਹੋਈ,
ਚਿੜੀਆਂ ਦੇ ਝੁੰਡਾਂ ਉਤੇ, ਬਾਜ ਅੱਜ ਛਾ ਗਏ।

ਉਪਜ ਤੇਰੇ ਨੂਰ ਦੀ, ਜੋ ਨੂਰ ਦੀ ਹੈ ਆਤਮਾ,
ਜਨੂੰਨਵਾਦੀ ਭਾਂਬੜ, ਇਸ ਨੂੰ ਜਲਾ ਗਏ।

ਗੋਬਿੰਦ ਮੁੜ ਪਰਤ, ਜ਼ਾਲਮਾਂ ਦੇ ਡੇਰਿਆਂ ਤੇ,
ਨਹੀਂ ਤਾਂ ਤੇਰੇ ਲੋਕਾਂ ਨੂੰ, ਜਿਊਂਦਿਆਂ ਦਬਾ ਗਏ।

ੳ

---

ਨਜ਼ਮ

## ਤਲਖ਼ ਮੌਸਮਾਂ ਦਾ ਹਿਸਾਬ

**ਸੁਖਵਿੰਦਰ ਸਿੰਘ ਕੰਬੋਜ**

ਰਾਜਨੀਤੀ ਬਹੁਤ ਕੁਝ ਰੋੜ੍ਹ ਦਿੰਦੀ ਹੈ
ਮਸਲਨ—
ਪਿਆਰ; ਰਿਸ਼ਤੇ, ਪਰਿਵਾਰ, ਮੁਹੱਲਾ ਤੇ ਸਮਾਜ
ਰਾਜਨੀਤੀ ਬਹੁਤ ਚਲਾਕ ਲੂੰਬੜੀ ਹੈ
ਜੋ ਹਰ ਵਾਰ ਸਾਡੇ ਅੰਗੂਰ ਖਾ ਕੇ ਵੀ
ਖੱਟੇ ਦਸਦੀ ਹੈ—
ਰਾਜਨੀਤੀ ਦਰਅਸਲ ਨ੍ਹੇਰੀ ਰਾਤ 'ਚ
ਆਪਣੇ ਹੀ ਬਿਸਤਰੇ ਤੇ ਖੇਡਿਆ ਨਾਟਕ ਹੈ—
ਰਾਜਨੀਤੀ—ਪਾਣੀ ਲਾਉਂਦੇ ਕਿਸਾਨ ਦੀਆਂ ਅੱਖਾਂ 'ਚ
ਉੱਗ ਗਿਆ ਮੌਸਮੀ ਭਾਅ ਦਾ ਮੁੱਲ ਹੈ
ਰਾਜਨੀਤੀ ਮਹਾਂ ਵਿਦਿਆਲਿਆਂ 'ਚ
ਭੌਰਾ ਭੌਰਾ ਵਿਕ ਕੇ ਕੀਤੀ ਖੁਸ਼ਾਮਦ ਹੈ
ਨਜ਼ਰਾਂ ਦਾ ਹਰਦਮ ਵਿਛੇ ਰਹਿਣਾ
ਤੇ ਤਲਖ਼ ਮੌਸਮਾਂ ਦਾ ਹਿਸਾਬ ਪੁੱਛਣਾ
ਹੋਰ ਕੁਝ ਨਹੀਂ, ਅਸਲ ਵਿਚ
ਮੌਤ ਦੀ ਫ਼ਾਈਲ ਤੇ
ਆਪਣੇ ਹਿੱਸੇ ਦੇ ਵਾਦ ਦੀ ਨੋਟਿੰਗ ਕਰਨਾ ਹੈ
ਜਾਂ ਵੋਟਾਂ ਦੇ ਡੱਬਿਆਂ 'ਚੋਂ
ਲੋਕਾਂ ਦੀ ਕਿਸਮਤ ਲੱਭਣਾ ਹੈ
ਉਂਜ ਰਾਜਨੀਤੀ ਕਮਾਲ ਹੈ
ਇਕ ਮਨੁੱਖ ਨੂੰ ਰਿਸ਼ਤਾ ਹੈ
ਇਕ ਵੋਟ ਮੰਨਦੀ ਹੈ
ਤੇ ਜਿਨ੍ਹਾਂ ਇਸ ਦੰਭ ਨੂੰ ਤੋੜਨਾ ਸੀ
ਉਹ ਲੋਕਪੱਖੀ ਨੀਤੀ ਦਾ ਦੰਭ ਰਚਦੇ ਹੋਏ
ਸਮਝੌਤੇ ਕਰਦੇ ਹਨ
ਕਦੇ ਆਸਾਮ ਵਿਚ ਤੇ ਕਦੇ ਬੰਗਾਲ ਵਿਚ
ਜਾਂ ਫਿਰ ਰਾਜਨੀਤੀ, ਆਪਣੇ ਸੱਚ ਦੀ ਰਖਿਆ ਕਰਦੇ ਹੋਏ
ਇੰਟੈਰੋਗੇਸ਼ਨ ਕੇਂਦਰ 'ਚ ਪੁਠੇ ਲਟਕਦਿਆਂ
ਤੁੱਤੀ ਛਵ੍ਹੀ ਦੀ ਲਾਜ ਰਖਣਾ ਹੈ
ਉਂਜ ਅੱਜ ਕੱਲ ਉਨ੍ਹਾਂ ਦੇ ਦਸਤਾਵੇਜ਼ਾਂ 'ਚ ਵੀ
ਨਾ ਸੜ ਰਹੇ ਪੰਜਾਬ ਦੀ ਚਿੰਤਾ ਹੈ
ਨਾ ਕਿਸਾਨ ਮਜ਼ਦੂਰ ਏਕਤਾ ਦੀ ਬਾਰਿਸ਼ ਹੈ
ਸਗੋਂ ਰੂਸ, ਅਮਰੀਕਾ ਤੇ ਚੀਨ ਦੀ ਰਾਜਨੀਤੀ ਦੇ
ਐਧੋ ਧਾਧੋ ਵੰਡ ਦੀ ਜੁਗਾਲੀ ਹੈ
ਉਂਜ ਰਾਜਨੀਤੀ ਕਮਾਲ ਹੈ
ਰਾਜਨੀਤੀ ਕਮਾਲ ਹੈ

ੳ